ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 242 | Monday, December 19, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

SWITCH INSURANCE
AUTO, HOME & COMMERCIAL
Auto&Home Insurance
Commercial Vehicle Insurance
Commercial Property Insurance
Commercial General Liability (CGL)
Rental Property
Call:905-965-7474
7900 Hurontario St., Suite 308, Brampton, ON, L6Y 0P6
https://www.switchinsurance.ca

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਕੌਸਟ ਆਫ ਲਿਵਿੰਗ ਦੇ ਸੰਕਟ ਨਾਲ ਨਜਿੱਠਣ ਵੱਲ ਧਿਆਨ ਕੇਂਦਰਿਤ ਕਰਾਂਗੇ : ਸ਼ੀਅਰ



ਓਟਵਾ, 18 ਦਸੰਬਰ (ਪੋਸਟ ਬਿਊਰੋ) : ਵਿਰੋਧੀ ਧਿਰ ਦੇ ਆਗੂ ਐਂਡਰਿਊ ਸ਼ੀਅਰ ਦਾ ਕਹਿਣਾ ਹੈ ਕਿ ਕੰਜ਼ਰਵੇਟਿਵ ਐਮਪੀਜ਼ ਕੌਸਟ ਆਫ ਲਿਵਿੰਗ ਦੇ ਸੰਕਟ ਨਾਲ ਨਜਿੱਠਣ ਉੱਤੇ ਆਪਣਾ ਧਿਆਨ ਕੇਂਦਰਿਤ ਰੱਖਣਗੇ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਆਖਿਆ ਕਿ ਨਵੇਂ ਸਾਲ ਵਿੱਚ ਅਸੀਂ ਲਿਬਰਲਾਂ ਵੱਲੋਂ ਲਿਆਂਦੇ ਕਾਰਬਨ ਟੈਕਸ ਨੂੰ ਵੀ ਖ਼ਤਮ ਕਰਕੇ ਹੀ ਸਾਹ ਲਵਾਂਗੇ।

ਉਨ੍ਹਾਂ ਆਖਿਆ ਕਿ ਕੈਨੇਡੀਅਨਜ਼ ਲਈ ਜ਼ਿੰਦਗੀ ਨੂੰ ਹੋਰ ਸੁਖਾਲਾ ਬਣਾਉਣਾ ਹੀ 2023 ਵਿੱਚ ਸਾਡੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਆਖਿਆ ਕਿ ਮਹਿੰਗਾਈ ਐਨੀ ਜ਼ਿਆਦਾ ਹੈ ਕਿ ਸਾਰੀਆਂ ਚੀਜ਼ਾਂ ਨੂੰ ਜਿਵੇਂ ਅੱਗ ਲੱਗੀ ਹੋਈ ਹੈ। ਸ਼ੀਅਰ ਨੇ ਇਹ ਦੋਸ਼ ਵੀ ਲਾਇਆ ਕਿ ਲਿਬਰਲਾਂ ਦੀ ਸ਼ਾਹ-ਖਰਚੀ ਕਾਰਨ ਹੀ ਮਹਿੰਗਾਈ ਇਸ ਹੱਦ ਤੱਕ ਵਧ ਚੁੱਕੀ ਹੈ। ਜਦੋਂ ਸ਼ੀਅਰ ਤੋਂ ਉਨ੍ਹਾਂ ਦੇ ਕਲਾਈਮੇਟ ਪਲੈਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਇਸ ਸਵਾਲ ਦਾ ਸਿੱਧਾ ਜਵਾਬ ਦੇਣ ਦੀ ਥਾਂ ਆਖਿਆ ਕਿ ਟਰੂਡੋ ਸੱਤ ਸਾਲ ਤੋਂ ਪ੍ਰਧਾਨ ਮੰਤਰੀ ਹਨ ਤੇ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਉਨ੍ਹਾਂ ਵੱਲੋਂ ਕੋਈ ਠੋਸ ਕਲਾਈਮੇਟ ਪਲੈਨ ਪੇਸ਼ ਕੀਤਾ ਗਿਆ ਹੈ। ਟਰੂਡੋ ਸਰਕਾਰ ਵੱਲੋਂ ਟੈਕਸ ਪਲੈਨ ਪੇਸ਼ ਕੀਤਾ ਗਿਆ ਹੈ ਜਿਹੜਾ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ ਵਿੱਚ ਅਸਫਲ ਰਿਹਾ ਹੈ।

ਉਨ੍ਹਾਂ ਆਖਿਆ ਕਿ ਅਸੀਂ ਇੰਸੈਂਟਿਵਜ਼, ਤਕਨਾਲੋਜੀ ਵਿੱਚ ਨਿਵੇਸ਼ ਰਾਹੀਂ, ਦੇਸ਼ ਵਜੋਂ ਆਪਣੇ ਕਾਰਬਨ ਫੁੱਟਪ੍ਰਿੰਟ ਨੂੰ ਘਟਾ ਕੇ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਰੋਕਣ ਵੱਲ ਧਿਆਨ ਦੇਵਾਂਗੇ ਨਾ ਕਿ ਕੈਨੇਡੀਅਨਜ਼ ਲਈ ਰੋਜ਼ਾਨਾ ਕੰਮ ਆਉਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਧਾ ਕੇ ਇਸ ਪਾਸੇ ਕੁੱਝ ਕਰਨਾ ਚਾਹਾਂਗੇ।

## ਜ਼ਬਰਦਸਤੀ ਗੱਡੀ ਵਿੱਚ ਲਿਜਾਈ ਜਾ ਰਹੀ ਮਹਿਲਾ ਦੀ ਭਾਲ ਕਰ ਰਹੀ ਹੈ ਪੁਲਿਸ



ਦਰਹਾਮ, 18 ਦਸੰਬਰ (ਪੋਸਟ ਬਿਊਰੋ) : ਦਰਹਾਮ ਰੀਜਨਲ ਪੁਲਿਸ ਵੱਲੋਂ ਇੱਕ ਮਹਿਲਾ ਜਾਂਚਕਾਰ ਦੀ ਭਾਲ ਕੀਤੀ ਜਾ ਰਹੀ ਹੈ ਜਿਸਨੂੰ ਆਖਰੀ ਵਾਰੀ ਓਸ਼ਵਾ ਵਿੱਚ ਇੱਕ ਚੱਲਦੀ ਹੋਈ ਗੱਡੀ ਵਿੱਚ ਚੀਕਦਿਆਂ ਤੇ ਬਚਣ ਦੀ ਕੋਸ਼ਿਸ਼ ਕਰਦਿਆਂ ਵੇਖਿਆ ਗਿਆ ਸੀ।

ਸ਼ੁੱਕਰਵਾਰ 16 ਦਸੰਬਰ ਨੂੰ ਦੋ ਵਿਅਕਤੀਆਂ ਵੱਲੋਂ ਇੱਕ ਮਹਿਲਾ ਨੂੰ ਮਦਦ ਲਈ ਰੌਲਾ ਪਾਉਂਦਿਆਂ ਵੇਖਣ ਦਾ ਦਾਅਵਾ ਕਰਨ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਦੁਪਹਿਰੇ 1:30 ਵਜੇ ਬ੍ਰਾਈਡਲ ਰੋਡ ਤੇ ਵਿੰਡਫੀਲਡ ਫਾਰਮਜ਼ ਇਲਾਕੇ ਵਿੱਚ ਸੱਦਿਆ ਗਿਆ। ਚਸ਼ਮਦੀਦਾਂ ਨੇ ਦੱਸਿਆ ਕਿ ਉਨ੍ਹਾਂ ਮਹਿਲਾ ਨੂੰ ਚੱਲਦੀ ਗੱਡੀ ਵਿੱਚੋਂ ਬਾਹਰ ਛਾਲ ਮਾਰਨ ਦੀ ਕੋਸ਼ਿਸ਼ ਕਰਦਿਆਂ ਵੇਖਿਆ ਤੇ ਉਹ ਕਾਫੀ ਪਰੇਸ਼ਾਨ ਨਜ਼ਰ ਆ ਰਹੀ ਸੀ।

ਇੱਕ ਪੁਰਸ਼ ਡਰਾਈਵਰ ਨੂੰ ਮਹਿਲਾ ਨੂੰ ਬਾਹਰ ਛਾਲ ਮਾਰਨ ਤੋਂ ਰੋਕਣ ਦੀ ਕੋਸ਼ਿਸ਼ ਕਰਦਿਆਂ ਵੇਖਿਆ ਗਿਆ। ਫਿਰ ਉਹ ਗੱਡੀ ਨੂੰ ਬ੍ਰਾਈਡਲ ਰੋਡ ਵੱਲ ਲੈ ਗਿਆ। ਪੁਲਿਸ ਵੱਲੋਂ ਡਰਾਈਵਰ ਬਾਰੇ ਦਿੱਤੀ ਗਈ ਜਾਣਕਾਰੀ ਅਨੁਸਾਰ ਉਹ ਗੋਰਾ, ਕਾਲੇ ਵਾਲਾਂ ਵਾਲਾ ਤੇ ਦਾੜ੍ਹੀ ਵਾਲਾ ਵਿਅਕਤੀ ਸੀ। ਮਹਿਲਾ ਵੀ ਗੋਰੀ ਨਸਲ ਦੀ, ਭੂਰੇ ਵਾਲਾਂ ਵਾਲੀ, ਅੰਦਾਜ਼ਨ 20 ਸਾਲਾਂ ਦੀ ਦੱਸੀ ਜਾ ਰਹੀ ਹੈ, ਜਿਸ ਨੇ ਨੀਲੇ ਰੰਗ ਦੀ ਜੀਨਜ਼ ਤੇ ਸਿਆਲਾਂ ਵਾਲੇ ਬੂਟ ਪਾਏ ਹੋਏ ਸਨ।

ਜਿਸ ਗੱਡੀ ਵਿੱਚ ਇਸ ਮਹਿਲਾ ਨੂੰ ਲਿਜਾਇਆ ਗਿਆ ਉਹ ਚਿੱਟੇ ਰੰਗ ਦੀ ਫੋਰਡ ਐਸਯੂਵੀ ਦੱਸੀ ਜਾ ਰਹੀ ਹੈ। ਪੁਲਿਸ ਵੱਲੋਂ ਗੱਡੀ ਦੀ ਲਾਇਸੰਸ ਪਲੇਟ ਦੀ ਪੁਸ਼ਟੀ ਨਹੀਂ ਕੀਤੀ ਗਈ।

## ਵਾਅਨ ਦੇ ਕੌਂਡੋ ਵਿੱਚ ਚੱਲੀਆਂ ਗੋਲੀਆਂ, ਇੱਕ ਹਲਾਕ ਕਈ ਜ਼ਖ਼ਮੀ



ਵਾਅਨ, 18 ਦਸੰਬਰ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਵਾਅਨ ਵਿੱਚ ਇੱਕ ਰਿਹਾਇਸ਼ੀ ਇਮਾਰਤ ਵਿੱਚ ਚੱਲੀਆਂ ਗੋਲੀਆਂ ਕਾਰਨ ਕਈ ਲੋਕ ਜ਼ਖ਼ਮੀ ਹੋ ਗਏ ਜਦਕਿ ਇੱਕ ਮਸ਼ਕੂਕ ਦੀ ਮੌਤ ਹੋ ਗਈ।

ਯੌਰਕ ਰੀਜਨਲ ਪੁਲਿਸ ਨੂੰ ਕਈ ਲੋਕਾਂ ਨੂੰ ਗੋਲੀ ਮਾਰਨ ਦੀ ਘਟਨਾ ਦੀ ਜਾਣਕਾਰੀ ਦੇ ਕੇ ਜੇਨ ਸਟਰੀਟ ਤੇ ਰੁਦਰਫੋਰਡ ਰੋਡ ਕੌਂਡੋ ਉੱਤੇ ਸੱਦਿਆ ਗਿਆ। ਇੱਥੇ ਕਈ ਲੋਕਾਂ ਦੇ ਜ਼ਖ਼ਮੀ ਹੋਣ ਤੇ ਪੁਲਿਸ ਮੁਕਾਬਲੇ ਵਿੱਚ ਇੱਕ ਮਸ਼ਕੂਕ ਦੇ ਮਾਰੇ ਜਾਣ ਦੀ ਪੁਲਿਸ ਵੱਲੋਂ ਪੁਸ਼ਟੀ ਕੀਤੀ ਗਈ।

ਇਸ ਘਟਨਾ ਦਾ ਕਿੰਨੇ ਲੋਕ ਸ਼ਿਕਾਰ ਬਣੇ ਇਸ ਬਾਰੇ ਅਜੇ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ। ਇਸ ਸਬੰਧ ਵਿੱਚ ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ (ਐਸਆਈਯੂ) ਨੂੰ ਵੀ ਦੱਸਿਆ ਜਾਵੇਗਾ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਬਜ਼ੁਰਗ ਮਹਿਲਾ ਦੀ ਹੋਈ ਮੌਤ



ਵਾਅਨ, 18 ਦਸੰਬਰ (ਪੋਸਟ ਬਿਊਰੋ) : ਵਾਅਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਬਜ਼ੁਰਗ ਮਹਿਲਾ ਦੀ ਮੌਤ ਹੋ ਗਈ। ਐਤਵਾਰ ਨੂੰ ਦੁਪਹਿਰੇ 3:45 ਉੱਤੇ ਵਾਅਨ ਵੈਲੀ ਰੋਡ ਉੱਤੇ ਹਾਈਵੇਅ 7 ਉੱਤੇ ਯੌਰਕ ਰੀਜਨਲ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ ਬਜ਼ੁਰਗ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੀ ਜਿਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਪੁਲਿਸ ਨੇ ਦੱਸਿਆ ਕਿ ਜਿਸ ਗੱਡੀ ਵੱਲੋਂ ਮਹਿਲਾ ਨੂੰ ਟੱਕਰ ਮਾਰੀ ਗਈ ਸੀ ਉਸ ਦਾ ਡਰਾਈਵਰ ਮੌਕੇ ਉੱਤੇ ਮੌਜੂਦ ਰਿਹਾ।

ਮਾਮਲੇ ਦੀ ਜਾਂਚ ਲਈ ਹਾਈਵੇਅ 7 ਨੂੰ ਹਾਈਵੇਅ 427 ਤੋਂ ਹਾਈਵੇਅ 27 ਤੱਕ ਬੰਦ ਕਰ ਦਿੱਤਾ ਗਿਆ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HOME APPLIANCES STORE
ANNIVERSARY SPECIAL DEAL
UPGRADE LAUNDRY IN JUST $99*
PRICE $5199* NO TAX
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
ਕਰਜ਼ੇ ਦੀ ਸਿਰਦਰਦੀ ?
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Royal Pest Control
Residential Commercial Industrial
Specialist in Bedbugs Service
All Pest Control :
Mouse & Rats Spiders & Fleas Bedbugs Wasps
Cockroaches Carpenter Ants Silver Fish Racoons
Call : PARESH PATEL
416 938 4598

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law Business Law
Wills & Estates Family Law
Power of Attorney Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਏਧਰ ਅਗਵਾ ਤਾਂ ਓਧਰ ਹੈ ਕਤਲ ਹੁੰਦਾ,
ਆਵੇ ਕਿਤੋਂ ਵੀ ਖਬਰ ਨਹੀਂ ਠੀਕ ਮੀਆਂ।
ਨਾਕੇ ਸੜਕਾਂ ’ਤੇ ਲੱਗੇ ਆ ਬਹੁਤ ਕਹਿੰਦੇ,
ਲੱਗ ਰਹੇ ਪ੍ਰਬੰਧ ਆ ਨਾਮ-ਧਰੀਕ ਮੀਆਂ।
ਚੁੱਕਣ ਬੰਦਾ, ਫਿਰ ਮਾਰਨ ਤੇ ਜਾ ਸੁੱਟਣ,
ਸੁਣਦੀ ਕਦੇ ਨਹੀਂ ਕਿਸੇ ਦੀ ਚੀਕ ਮੀਆਂ।
ਜਦ ਤੱਕ ਲਾਸ਼ ਨਾ ਮਿਲੀ, ਨਾ ਪਤਾ ਲੱਗਾ,
ਘਰ ਦੇ ਹੋ ਗਿਆ ਕਤਲ ਨਜ਼ਦੀਕ ਮੀਆਂ।
ਏਥੇ ਤੰਦ ਨਹੀਂ, ਤਾਣੀ ਆ ਪਈ ਵਿਗੜੀ,
ਔਖੀ ਬਹੁਤ ਇਹ ਕਰਨ ਦਰੁਸਤ ਮੀਆਂ।
ਰਾਜ-ਪ੍ਰਬੰਧ ਤਾਂ ਜਾਪ ਰਿਹਾ ਸੁਸਤ ਏਥੇ,
ਅਪਰਾਧੀ ਜਾਪਦੇ ਓਸ ਤੋਂ ਚੁਸਤ ਮੀਆਂ।

**ਤੀਸ ਮਾਰ ਖਾਂ**

# ਵੱਡੇ ਉਦਯੋਗਪਤੀਆਂ ਨੂੰ ਸੂਬੇ ਵਿੱਚ ਨਿਵੇਸ਼ ਲਈ ਮਨਾਉਣ ਵਾਸਤੇ ਮੁੱਖ ਮੰਤਰੀ ਵੱਲੋਂ ਚੇਨਈ ਅਤੇ ਹੈਦਰਾਬਾਦ ਦਾ ਦੌਰਾ ਸ਼ੁਰੂ

*** ਉਦਯੋਗਿਕ ਵਿਕਾਸ ਨੂੰ ਹੋਰ ਤੇਜ਼ ਕਰਨ ਵਿੱਚ ਸਹਾਈ ਹੋਵੇਗਾ ਦੌਰਾ**



ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ)- ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੋਰ ਹੁਲਾਰਾ ਦੇਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਚੇਨਈ ਅਤੇ ਹੈਦਰਾਬਾਦ ਦਾ ਦੌਰਾ ਸ਼ੁਰੂ ਕੀਤਾ ਤਾਂ ਜੋ ਸੂਬੇ ਵਿੱਚ ਨਿਵੇਸ਼ ਲਈ ਵੱਡੇ ਸਨਅਤਕਾਰਾਂ ਨੂੰ ਤਿਆਰ ਕੀਤਾ ਜਾ ਸਕੇ।

ਮੁੱਖ ਮੰਤਰੀ ਅੱਜ ਸ਼ਾਮੀਂ ਚੇਨਈ ਪਹੁੰਚੇ, ਜਿੱਥੇ ਉਹ 19 ਦਸੰਬਰ (ਸੋਮਵਾਰ) ਨੂੰ ਪ੍ਰਮੁੱਖ ਖੇਤਰਾਂ ਵਿੱਚ ਨਿਵੇਸ਼ ਅਤੇ ਰਣਨੀਤਕ ਗਠਜੋੜ ਲਈ ਵਪਾਰਕ ਵਫ਼ਦਾਂ ਅਤੇ ਪ੍ਰਮੁੱਖ ਕੰਪਨੀਆਂ ਨਾਲ ਮੁਲਾਕਾਤ ਕਰਨਗੇ। ਇਸੇ ਤਰ੍ਹਾਂ ਉਹ 20 ਦਸੰਬਰ (ਮੰਗਲਵਾਰ) ਨੂੰ ਹੈਦਰਾਬਾਦ ਵਿਖੇ ਉਦਯੋਗਪਤੀਆਂ ਨਾਲ ਗੱਲਬਾਤ ਕਰਨਗੇ। ਮੁੱਖ ਮੰਤਰੀ ਦੀ ਇਸ ਦੋ ਰੋਜ਼ਾ ਅਹਿਮ ਫੇਰੀ ਨਾਲ ਸੂਬੇ ਨੂੰ ਵੱਡੇ ਨਿਵੇਸ਼, ਤਕਨੀਕੀ ਜਾਣਕਾਰੀ ਅਤੇ ਵੱਡੀਆਂ ਕੰਪਨੀਆਂ ਤੋਂ ਮੁਹਾਰਤ ਹਾਸਲ ਕਰਨ ਸਬੰਧੀ ਵੱਡਾ ਲਾਭ ਹੋਣ ਦੀ ਸੰਭਾਵਨਾ ਹੈ।

ਮੁੱਖ ਮੰਤਰੀ ਸੂਬਾ ਸਰਕਾਰ ਵੱਲੋਂ 23-24 ਫਰਵਰੀ ਨੂੰ ਐਸ।ਏ।ਐਸ। ਨਗਰ, ਮੁਹਾਲੀ ਵਿਖੇ ਕਰਵਾਏ ਜਾ ਰਹੇ ਨਿਵੇਸ਼ ਸੰਮੇਲਨ ਲਈ ਸਨਅਤਕਾਰਾਂ ਨੂੰ ਸੱਦਾ ਦੇਣਗੇ। ਇਸ ਦੌਰਾਨ ਭਗਵੰਤ ਮਾਨ ਨੇ ਸੂਬੇ ਨੂੰ ਉਦਯੋਗਿਕ ਹੱਬ ਵਜੋਂ ਉਭਰਨ ਲਈ ਆਪਣੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਸੂਬਾ ਸਰਕਾਰ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਸੂਬੇ ਨੂੰ ਉਦਯੋਗਿਕ ਵਿਕਾਸ ਦੇ ਉੱਚੇ ਪੱਧਰ ’ਤੇ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਦੇਸ਼ ਦੀਆਂ ਵੱਡੀਆਂ ਉਦਯੋਗਿਕ ਥਾਂਵਾਂ ਦਾ ਦੌਰਾ ਇਕ ਪਾਸੇ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਹੋਰ ਤੇਜ਼ ਕਰੇਗਾ, ਉੱਥੇ ਦੂਜੇ ਪਾਸੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹੇਗਾ। ਭਗਵੰਤ ਮਾਨ ਨੇ ਕਿਹਾ ਕਿ ਉਹ ਨਿੱਜੀ ਤੌਰ ’ਤੇ ਪੰਜਾਬ ਨੂੰ ਉੱਦਮੀਆਂ ਲਈ ਮੌਕਿਆਂ ਅਤੇ ਵਿਕਾਸ ਦੀ ਧਰਤੀ ਵਜੋਂ ਦਰਸਾਉਣਗੇ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਦੌਰਾ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਲਈ ਮੀਲ ਪੱਥਰ ਸਾਬਤ ਹੋਵੇਗਾ।

# 6 ਸਾਲਾ ਬੱਚੀ ਨਾਲ ਜਿਨਸੀ ਸ਼ੋਸ਼ਣ ਕਰਨ ਵਾਲਾ ਵਿਅਕਤੀ ਗ੍ਰਿਫ਼ਤਾਰ



ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ) - ਮਹਾਰਾਸ਼ਟਰ ਦੇ ਲਾਤੂਰ ਵਿਚ 6 ਸਾਲਾ ਬੱਚੀ ਨਾਲ ਯੌਨ ਸ਼ੋਸ਼ਣ ਦੇ ਦੋਸ਼ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ 14 ਦਸੰਬਰ ਨੂੰ ਵਾਪਰੀ ਸੀ। ਮਾਮਲੇ ਦੀ ਜਾਂਚ ਕਰ ਰਹੇ ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹੁਣ ਤੱਕ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ 48 ਸਾਲਾ ਮੁਲਜ਼ਮ ਪੀੜਤ ਲੜਕੀ ਨੂੰ ਪਹਿਲਾਂ ਆਪਣੇ ਘਰ ਲੈ ਗਿਆ ਸੀ। ਇਸ ਤੋਂ ਬਾਅਦ ਉਸ ਨੇ ਲੜਕੀ ਨਾਲ ਬਲਾਤਕਾਰ ਕੀਤਾ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੁਲਜ਼ਮ ਨੂੰ ਉਸੇ ਦਿਨ ਗ੍ਰਿਫਤਾਰ ਕਰ ਲਿਆ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਲੜਕੀ ਨੇ ਘਟਨਾ ਬਾਰੇ ਆਪਣੀ ਮਾਂ ਨੂੰ ਦੱਸਿਆ। ਜਿਸ ਤੋਂ ਬਾਅਦ ਪੁਲਿਸ ਨੂੰ ਇਸ ਮਾਮਲੇ ਦੀ ਸੂਚਨਾ ਦਿੱਤੀ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੁਲਜ਼ਮ ਖਿਲਾਫ ਪੋਕਸੋ ਦੀ ਧਾਰਾ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਖੇਡ ਮੰਤਰੀ ਮੀਤ ਹੇਅਰ ਨੇ ਭਾਰਤੀ ਮਹਿਲਾ ਹਾਕੀ ਟੀਮ ਨੂੰ ਐਫਆਈਐਚ ਨੇਸ਼ਨਜ਼ ਕੱਪ ਜਿੱਤਣ ਉੱਤੇ ਦਿੱਤੀ ਵਧਾਈ

ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ) - ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸਪੇਨ ਵਿਖੇ ਬੀਤੀ ਰਾਤ ਸੰਪੰਨ ਹੋਏ ਅੱਠ ਮੁਲਕਾਂ ਦੇ ਐਫ।ਆਈ।ਐਚ। ਨੇਸ਼ਨਜ਼ ਕੱਪ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਦੀ ਖਿਤਾਬੀ ਜਿੱਤ ਉੱਤੇ ਮੁਬਾਰਕਬਾਦ ਦਿੱਤੀ ਹੈ। ਵਲੇਂਸੀਆ ਸ਼ਹਿਰ ਵਿਖੇ ਹੋਏ ਨੇਸ਼ਨਜ਼ ਕੱਪ ਦੇ ਫ਼ਾਈਨਲ ਵਿੱਚ ਭਾਰਤੀ ਟੀਮ ਨੇ ਮੇਜ਼ਬਾਨ ਸਪੇਨ ਨੂੰ 1-0 ਨਾਲ ਹਰਾ ਕੇ ਟੂਰਨਾਮੈਂਟ ਜਿੱਤਿਆ। ਪੰਜਾਬ ਦੀ ਗੁਰਜੀਤ ਕੌਰ ਨੇ ਫ਼ਾਈਨਲ ਦੇ ਛੇਵੇਂ ਮਿੰਟ ਵਿੱਚ ਗੋਲ ਕੀਤਾ ਜੋ ਕਿ ਫੈਸਲਾਕੁੰਨ ਸਾਬਤ ਹੋਇਆ। ਇਸ ਤੋਂ ਪਹਿਲਾ ਸੈਮੀ ਫ਼ਾਈਨਲ ਵਿੱਚ ਭਾਰਤ ਨੇ ਆਇਰਲੈਂਡ ਨੂੰ ਪੈਨਲਟੀ ਸ਼ੂਟ ਆਊਟ ਵਿੱਚ 2-1 ਨਾਲ ਹਰਾਇਆ ਸੀ। ਲੀਗ ਦੌਰ ਵਿੱਚ ਭਾਰਤੀ ਟੀਮ ਨੇ ਗਰੁੱਪ ਬੀ ਵਿੱਚ ਤਿੰਨੇ ਮੈਚ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ ਸੀ।



ਮੀਤ ਹੇਅਰ ਨੇ ਇਸ ਪ੍ਰਾਪਤੀ ਉੱਤੇ ਸਮੁੱਚੀ ਟੀਮ ਨੂੰ ਮੁਬਾਰਕਾਂ ਦਿੰਦਿਆਂ ਕਿਹਾ ਕਿ ਕੌਮੀ ਖੇਡ ਹਾਕੀ ਵਿੱਚ ਭਾਰਤੀ ਟੀਮ ਦੀ ਇਹ ਜਿੱਤ ਪੂਰੇ ਦੇਸ਼ ਲਈ ਮਾਣ ਵਾਲੀ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਟੀਮ ਦੀ ਕਪਤਾਨ ਸਵਿਤਾ ਪੂਨੀਆ ਨੂੰ ਟੂਰਨਾਮੈਂਟ ਦੀ ਸਰਵੋਤਮ ਗੋਲਚੀ ਐਲਾਨੀ ਗਈ। ਪੂਰੇ ਟੂਰਨਾਮੈਂਟ ਦੌਰਾਨ ਭਾਰਤੀ ਟੀਮ ਅਜੇਤੂ ਰਹੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਰਾਜਨੀਤੀ, ਪ੍ਰਸ਼ਾਸਨ ਤੇ ਧਰਮ ਖੇਤਰ ਦੀ ਬੇਭਰੋਸਗੀ ਵਿਚਾਲੇ ਫਸਿਆ ਆਮ ਆਦਮੀ



ਜਤਿੰਦਰ ਪਨੂੰ ਦੀ ਕਲਮ ਤੋਂ

ਭਾਰਤ ਦਾ ਆਮ ਆਦਮੀ ਇਸ ਵਕਤ ਸਿਖਰਾਂ ਦੀ ਬੇਭਰੋਸਗੀ ਦੀ ਉਲਝਣ ਵਿੱਚ ਫਸਿਆ ਪਿਆ ਹੈ। ਕਿਸੇ ਧਿਰ ਜਾਂ ਧੜੇ, ਪਾਰਟੀ ਜਾਂ ਪ੍ਰਸ਼ਾਸਨ, ਜਾਂ ਫਿਰ ਧਰਮ ਖੇਤਰ ਵਿੱਚ ਭਰੋਸੇ ਦੀ ਹਾਲਤ ਦਿਖਾਈ ਨਹੀਂ ਦੇ ਰਹੀ।

ਪਹਿਲੀ ਗੱਲ ਪ੍ਰਸ਼ਾਸਨਿਕ ਖੇਤਰ ਦੀ ਹੈ, ਜਿਹੜਾ ਸਮਾਜ ਦਾ ਅਸਲੀ ਚਾਲਕ ਧੁਰਾ ਹੁੰਦਾ ਹੈ। ਜਦੋਂ ਵਿਧਾਨ ਸਭਾ ਜਾਂ ਪਾਰਲੀਮੈਂਟ ਚੋਣਾਂ ਹੋਣੀਆਂ ਹੋਣ, ਸਿਆਸੀ ਆਗੂਆਂ ਉੱਤੇ ਬੰਦਸ਼ਾਂ ਲੱਗ ਜਾਂਦੀਆਂ ਹਨ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਹੱਥ ਸਾਰੀ ਕਮਾਨ ਆ ਜਾਂਦੀ ਹੈ। ਕਈ ਵਾਰੀ ਕਿਸੇ ਰਾਜ ਦੀ ਸਰਕਾਰ ਤੋੜਨ ਦੀ ਨੌਬਤ ਆ ਜਾਵੇ ਤਾਂ ਸਰਕਾਰ ਦੀ ਸਿਆਸੀ ਲੀਡਰਸ਼ਿਪ ਕੁਰਸੀਆਂ ਤੋਂ ਉਠਾਈ ਜਾਂਦੀ ਹੈ, ਪ੍ਰਸ਼ਾਸਨਿਕ ਲੀਡਰਸ਼ਿਪ ਜਾਂ ਅਧਿਕਾਰੀਆਂ ਨੂੰ ਲਾਂਭੇ ਨਹੀਂ ਕੀਤਾ ਜਾਂਦਾ, ਸਗੋਂ ਉਨ੍ਹਾਂ ਦੀ ਹੈਸੀਅਤ ਪਹਿਲਾਂ ਨਾਲੋਂ ਵੀ ਵਧ ਜਾਂਦੀ ਹੈ। ਇਸ ਦਾ ਭਾਵ ਇਹ ਹੈ ਕਿ ਸਿਆਸੀ ਲੀਡਰਸ਼ਿਪ ਤਾਂ ਆਉਣੀ-ਜਾਣੀ ਹੈ, ਪ੍ਰਸ਼ਾਸਨ ਦੀ ਰੀੜ੍ਹ ਦੀ ਅਸਲ ਹੱਡੀ ਅਧਿਕਾਰੀਆਂ ਦੀ ਚੇਨ ਹੁੰਦੀ ਹੈ, ਪਰ ਜੇ ਉਹ ਚੇਨ ਵੀ ਲੋਕਾਂ ਦੇ ਭਰੋਸੇ ਵਾਲੀ ਨਾ ਰਹੇ ਤਾਂ ਸਿਸਟਮ ਫੇਲ੍ਹ ਹੋਣ ਦੀ ਨੌਬਤ ਹੁੰਦੀ ਹੈ। ਇਸ ਵੇਲੇ ਇਹੋ ਕੁਝ ਹੁੰਦਾ ਪਿਆ ਹੈ। ਕਈ ਸਾਬਕਾ ਤੇ ਮੌਜੂਦਾ ਪ੍ਰਸ਼ਾਸਨਿਕ ਅਤੇ ਪੁਲਸ ਅਧਿਕਾਰੀ ਏਦਾਂ ਦੇ ਕੇਸਾਂ ਵਿੱਚ ਫਸੇ ਹੋਏ ਹਨ, ਜਿਨ੍ਹਾਂ ਵਿੱਚੋਂ ਕੁਝ ਕੇਸਾਂ ਬਾਰੇ ਗੱਲ ਕਰਦਿਆਂ ਕਚ੍ਹਿਆਣ ਆਉਂਦੀ ਹੈ। ਅਸੀਂ ਕਦੇ-ਕਦੇ ਇਹ ਸੁਣਿਆ ਕਰਦੇ ਸਾਂ ਕਿ ਫਲਾਣੇ ਆਗੂ ਨੇ ਮੁਫਤ ਦਾ ਮਾਲ ਚਰਨ ਵੇਲੇ ਮੁੱਛਾਂ ਵੀ ਲਬੇੜ ਲਈਆਂ ਹਨ, ਪਰ ਅੱਜਕੱਲ੍ਹ ਕਈ ਅਫਸਰਾਂ ਦੀ ਹਾਲਤ ਏਦਾਂ ਦੀ ਹੈ ਕਿ ਉਨ੍ਹਾਂ ਨੇ ਮੁੱਛਾਂ ਤੋਂ ਅੱਗੇ ਵਧ ਕੇ ਬੂਥੇ ਵੀ ਲਬੇੜੇ ਪਏ ਹਨ। ਆਏ ਦਿਨ ਵਿਜੀਲੈਂਸ ਕੋਲ ਅਤੇ ਅਦਾਲਤਾਂ ਵਿੱਚ ਪੇਸ਼ੀਆਂ ਹੁੰਦੀਆਂ ਹਨ ਅਤੇ ਉਹ ਬੜੀ ਬੇਸ਼ਰਮੀ ਨਾਲ ਕਹੀ ਜਾਂਦੇ ਹਨ ਕਿ ਕੁਝ ਗਲਤ ਨਹੀਂ ਕੀਤਾ, ਉਨ੍ਹਾਂ ਨੂੰ ਝੂਠੇ ਫਸਾਇਆ ਗਿਆ ਹੈ।

ਪੁਲਸ ਦੇ ਅਧਿਕਾਰੀਆਂ ਵਿੱਚ ਭ੍ਰਿਸ਼ਟਾਚਾਰ ਤੋਂ ਅੱਗੇ ਵਧ ਕੇ ਗੁੰਡਿਆਂ ਵਾਲੇ ਚਾਲਿਆਂ ਦੀ ਅਸਲ ਹਾਲਤ ਪਹਿਲਾਂ ਅਸ਼ੀਸ਼ ਕਪੂਰ ਨਾਂਅ ਦੇ ਇੱਕ ਏ ਆਈ ਜੀ (ਜਿਹੜਾ ਜ਼ਿਲਾ ਪੁਲਸ ਮੁਖੀ ਦੇ ਪੱਧਰ ਦਾ ਅਫਸਰ ਹੈ) ਦੇ ਕੇਸ ਤੋਂ ਪੰਜਾਬ ਦੇ ਲੋਕਾਂ ਸਾਹਮਣੇ ਆਈ ਸੀ, ਉਹ ਇਸ ਵੇਲੇ ਜੇਲ੍ਹ ਵਿੱਚ ਹੈ ਤੇ ਜ਼ਮਾਨਤ ਨਹੀਂ ਹੋ ਰਹੀ। ਪਿਛਲੀ ਸਰਕਾਰ ਦੌਰਾਨਉਸ ਨੂੰ ਬੁਰੀ ਤਰ੍ਹਾਂ ਫਸ ਜਾਣ ਅਤੇ ਦੋਸ਼ੀ ਸਾਬਤ ਹੋਣ ਮਗਰੋਂ ਤਿੰਨ ਪੁਲਸ ਅਫਸਰਾਂ ਦੀ ਕਮੇਟੀ ਬਣਾ ਕੇ ਕੇਸ ਦੀ ਕਲੀਨ-ਚਿੱਟ ਦਿਵਾਈ ਗਈ ਸੀ। ਓਦੋਂ ਮਿਲੇ ਸਬੂਤ ਵੀਸਰਕਾਰ ਬਦਲਣ ਦੇ ਬਾਅਦਫਿਰ ਬਾਹਰ ਆ ਗਏ, ਆਸ਼ੀਸ਼ ਕਪੂਰ ਦੇ ਬਚਾਅ ਲਈ ਖੜੇ ਕੀਤੇ ਝੂਠੇ ਗਵਾਹ ਵੀ ਮੁੱਕਰ ਗਏ ਤੇ ਓਦੋਂ ਉਸ ਨੂੰ ਕਲੀਨ-ਚਿੱਟ ਦੇ ਕੇ ਬਚਾਉਣ ਵਾਲੇ ਸੀਨੀਅਰ ਪੁਲਸ ਅਫਸਰ ਵੀ ਫਸਦੇ ਨਜ਼ਰ ਆ ਰਹੇ ਹਨ। ਇਸ ਕੇਸ ਦੀ ਚਰਚਾ ਦੌਰਾਨ ਹੀ ਚੰਡੀਗੜ੍ਹ ਦੇ ਐੱਸ ਐੱਸ ਪੀ ਕੁਲਦੀਪ ਸਿੰਘ ਚਾਹਲ ਦੇ ਇਹੋ ਜਿਹੇ ਕਿੱਸੇ ਲੋਕਾਂ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਉਹ ਅਤੇ ਆਸ਼ੀਸ਼ ਕਪੂਰ ਅਤੇ ਉਨ੍ਹਾਂ ਵਰਗੇ ਕੁਝ ਹੋਰ ਪੁਲਸ ਅਫਸਰ ਮਿਲ ਕੇ ਜੋ ਕਹਿਰ ਗੁਜ਼ਾਰਦੇ ਰਹੇ ਸਨ, ਉਹ ਸਾਰਾ ਤੌਬਾ-ਤੌਬਾ ਕਰਵਾਉਣ ਤੇ ਇਹ ਸਾਬਤ ਕਰਨ ਵਾਲਾ ਨਿਕਲਿਆ ਹੈ ਕਿ ਵਰਦੀਆਂ ਵਿੱਚ ਗੁੰਡਿਆਂ ਦੀ ਧਾੜ ਬੜੀ ਵਧ ਚੁੱਕੀ ਹੈ। ਬੁਰਿਆਈਆਂ ਕਰਨ ਤੋਂ ਜਿਹੜੇ ਕੁਝ ਕੁ ਅਫਸਰ ਹਾਲੇ ਤੱਕ ਬਚੇ ਹੋਏ ਹਨ, ਉਹ ਪੁਲਸ ਵਿਭਾਗ ਵਿੱਚ ਘੁਟਨ ਮਹਿਸੂਸ ਕਰਦੇ ਹਨ, ਪਰ ਭ੍ਰਿਸ਼ਟਾਚਾਰ ਦੇ ਭੜੋਲੇ ਗਿਣੇ ਜਾਂਦੇ ਵੱਡੇ ਪਾਪੀ ਮੁੱਛਾਂ ਨੂੰ ਤਾਅ ਦੇ ਕੇ ਕਹਿੰਦੇ ਹਨ ਕਿ ਉਨ੍ਹਾਂ ਦਾ ਕੱਖ ਨਹੀਂ ਵਿਗੜਨ ਲੱਗਾ।

ਤੀਸਰਾ ਮੁੱਦਾ ਰਾਜਨੀਤੀ ਦੇ ਖੇਤਰ ਦੀ ਬੇਭਰੋਸਗੀ ਦਾ ਹੈ। ਜਿਹੜੇ ਲੀਡਰ ਕੱਲ੍ਹ ਤੱਕ ਆਪੋ ਵਿੱਚ ਬੋਲਦੇ ਤੱਕ ਨਹੀਂ ਸਨ ਦੇਖੇ ਜਾਂਦੇ, ਕੁਝ ਸਮਾਂ ਲੰਘਣ ਪਿੱਛੋਂ ਨਵੀਂ ਪਾਰਟੀ ਵਿੱਚ ਗਏ ਅਤੇ ਉਨ੍ਹਾਂ ਹੀ ਪੁਰਾਣੇ ਲੀਡਰਾਂ ਨਾਲ ਮਿਲ ਕੇ ਨਵਾਂ ਪੈਂਤੜਾ ਮੱਲਣ ਲੱਗ ਪਏ ਹਨ ਅਤੇ ਪੁਰਾਣੇ ਸਾਥੀਆਂ ਨੂੰ ਅੱਖਾਂ ਵਿਖਾਉਂਦੇ ਹਨ। ਵੀਹ ਸਾਲ ਆਪੋ ਵਿੱਚ ਲੜਦੇ ਰਹੇ ਪੰਜਾਬ ਤੇ ਦਿੱਲੀ ਦੇ ਅਕਾਲੀ ਆਗੂ ਬਦਲੇ ਹੋਏ ਹਾਲਾਤ ਵਿੱਚ ਇਕੱਠੇ ਹੋ ਗਏ ਹਨ ਤੇ ਇੱਕ ਦੂਸਰੇ ਉੱਤੇ ਦੂਸ਼ਣਬਾਜ਼ੀ ਕਰ ਕੇ ਕਾਂਗਰਸ ਤੋਂ ਨਿਕਲੇ ਪੰਜਾਬ ਦੇ ਕੁਝ ਆਗੂ ਭਾਜਪਾ ਦੀ ਕੇਂਦਰੀ ਐਗਜ਼ੈਕਟਿਵ ਕਮੇਟੀ ਵਿੱਚ ਇਕੱਠੇ ਬੈਠੇ ਮਾਣ ਮਹਿਸੂਸ ਕਰਦੇ ਹਨ। ਜਿਨ੍ਹਾਂ ਦੇ ਮੂੰਹੋਂ ਨਿਕਲੀ ਹਰ ਗੱਲ ਕਈ ਸਾਲ ਭਾਜਪਾ ਦੇ ਵਿਰੋਧ ਉੱਤੇ ਆਧਾਰਤ ਸੀ, ਉਹ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਹਲੇ ਗਾਉਂਦੇ ਨਹੀਂ ਥੱਕਦੇ ਅਤੇ ਪਹਿਲਾਂ ਉਸ ਨੂੰ ਸਿੱਖਾਂ ਅਤੇ ਹੋਰ ਘੱਟ-ਗਿਣਤੀਆਂ ਦਾ ਵਿਰੋਧੀ ਦੱਸਣ ਵਾਲੇ ਅੱਜ ਓਸੇ ਮੋਦੀ ਨੂੰ ਸਿੱਖਾਂ ਦਾ ਸਭ ਤੋਂ ਵੱਡਾ ਸੁਭਚਿੰਤਕ ਦੱਸਦੇ ਫਿਰਦੇ ਹਨ। ਆਮ ਆਦਮੀ ਪਾਰਟੀ ਜਿਨ੍ਹਾਂ ਲੋਕਾਂ ਖਿਲਾਫ ਪਹਿਲਾਂ ਉੱਚੀ ਸੁਰ ਵਿੱਚ ਦੋਸ਼ਾਂ ਦੀ ਲੜੀ ਲਾ ਕੇ ਉਨ੍ਹਾਂ ਨਾਲ ਸਿੱਝਣ ਦੇ ਦਮਗਜ਼ੇ ਮਾਰਦੀ ਸੀ, ਅੱਜ ਉਨ੍ਹਾਂ ਵਿੱਚੋਂ ਕਈ ਲੋਕ ਦਲ-ਬਦਲੀਆਂ ਕਰ ਕੇ ਉਸੇ ਵਿੱਚ ਆਣ ਵੜੇ ਹਨ। ਗੁਜਰਾਤ ਦੇ ਇੱਕ ਅੱਗ-ਫੱਕਣੇ ਹਿੰਦੂਤੱਵੀ ਲੀਡਰ ਨੇ ਇੱਕ ਵਾਰੀ ਕਾਂਗਰਸ ਦੀ ਸਭ ਤੋਂ ਵੱਡੀ ਆਗੂ ਸੋਨੀਆ ਗਾਂਧੀ ਬਾਰੇ ਏਨੇ ਭੱਦੇ ਸ਼ਬਦ ਆਪਣੇ ਮੂੰਹ ਤੋਂ ਬੋਲੇ ਸਨ ਕਿ ਅਸੀਂ ਜ਼ਿਕਰ ਨਹੀਂ ਕਰਨਾ ਚਾਹੁੰਦੇ, ਜਦੋਂ ਉਹੀ ਆਗੂ ਨਰਿੰਦਰ ਮੋਦੀ ਨਾਲ ਨਿੱਜੀ ਵਿਰੋਧ ਕਾਰਨ ਵੱਖ ਹੋ ਗਿਆ ਤਾਂ ਸ਼ਾਮ ਪੈਣ ਤੋਂ ਪਹਿਲਾਂ ਕਾਂਗਰਸ ਦੇ ਲੀਡਰ ਉਸੇ ਨੂੰ ਮਿਲਣ ਲਈ ਲਾਈਨਾਂ ਬੰਨ੍ਹ ਖੜੋਤੇ ਸਨ। ਸ਼ਰਮ ਨਾਂਅ ਦੀ ਕੋਈ ਚੀਜ਼ ਅੱਜਕੱਲ੍ਹ ਕਿਸੇ ਪਾਰਟੀ ਦੇ ਪੱਲੇ ਵੀ ਨਹੀਂ ਰਹੀ ਜਾਪਦੀ, ਸਭ ਇੱਕੋ ਜਿਹੀਆਂ ਹਨ।

ਧਰਮ ਦੇ ਖੇਤਰ ਵਿੱਚ ਦੂਸਰਿਆਂ ਨੂੰ ਕੀ ਕਹਿਣਾ, ਸਿੱਖ ਆਗੂਆਂ ਦਾ ਵਿਹਾਰ ਹੀ ਸਮਝ ਤੋਂ ਬਾਹਰ ਹੁੰਦਾ ਜਾਪਦਾ ਹੈ। ਕਈ ਸਾਲ ਪਹਿਲਾਂ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਫੈਸਲਾ ਹੋਇਆ ਸੀ, ਕੁਝ ਸਿੱਖ ਸੰਪਰਦਾਵਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਕੈਲੰਡਰ ਸੋਧ ਦਿੱਤਾ, ਓਦੋਂ ਪਿੱਛੋਂ ਦੂਸਰੀ ਵਾਰੀ ਤੇ ਫਿਰ ਤੀਸਰੀ ਵਾਰ ਸੋਧਣ ਵਾਲੀ ਗੱਲ ਹੋ ਗਈ, ਪਰ ਅੱਜ ਤੱਕ ਇੱਕ ਰਾਏ ਨਹੀਂ ਬਣੀ। ਕੁਝ ਗੁਰਦੁਆਰਾ ਕਮੇਟੀਆਂ ਤੇ ਸਿੱਖ ਸੰਗਠਨ ਪਹਿਲੇ ਲਾਗੂ ਕੀਤੇ ਕੈਲੰਡਰ ਨੂੰ ਮੰਨਦੇ ਹਨ, ਕੁਝ ਹੋਰ ਸੋਧੇ ਹੋਏ ਕੈਲੰਡਰ ਨੂੰ ਤੇ ਕੁਝ ਤੀਸਰੀ ਵਾਰ ਸੋਧੇ ਕੈਲੰਡਰ ਨਾਲ ਖੜੋਤੇ ਹਨ। ਨਤੀਜੇ ਵਜੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਕੁਝ ਸਿੱਖ ਸੰਸਥਾਵਾਂ ਪਹਿਲੇ ਕੈਲੰਡਰ ਨੂੰ ਆਧਾਰ ਮੰਨ ਕੇ ਪੰਜ ਜਨਵਰੀ ਨੂੰ ਮਨਾਉਣ ਦਾ ਫੈਸਲਾ ਕਰੀ ਬੈਠੀਆਂ ਹਨਅਤੇ ਕੁਝ ਹੋਰ ਧਿਰਾਂ ਦਾ ਸੋਧੇ ਹੋਏ ਕੈਲੰਡਰ ਦੇ ਮੁਤਾਬਕ ਉਨੱਤੀ ਜਨਵਰੀ ਨੂੰ ਮਨਾਉਣ ਦਾ ਪ੍ਰੋਗਰਾਮ ਹੈ। ਭਾਰਤ ਵਿੱਚ ਬਹੁਤੇ ਥਾਂਈਂ ਉਨੱਤੀ ਦਸੰਬਰ ਨੂੰ ਮਨਾਇਆ ਜਾਣਾ ਹੈ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜ ਜਨਵਰੀ ਨੂੰ ਮਨਾਉਣ ਵਾਲੀ ਹੈ, ਪਰ ਭਾਰਤ ਵਿੱਚ ਵੀ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵਾਲੀ ਤਰੀਕ ਉੱਤੇ ਕੁਝ ਸਿੱਖ ਸੰਗਠਨਾਂ ਨੇ ਕਿੰਤੂ ਕੀਤਾ ਤੇ ਪੰਜ ਜਨਵਰੀ ਨੂੰ ਮਨਾਉਣ ਦਾ ਮਨ ਬਣਾਇਆ ਹੈ। ਇਸ ਤੋਂ ਪਹਿਲਾਂ ਕੁਝ ਧਾਰਮਿਕ ਸਮਾਗਮਾਂ ਲਈ ਪਾਕਿਸਤਾਨ ਜਾਂਦੇ ਜਥਿਆਂ ਲਈ ਵੀਜ਼ੇ ਲੈਣ ਵੇਲੇ ਇਹ ਮੁੱਦਾ ਉੱਠਦਾ ਰਿਹਾ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਨੇ ਜਥਾ ਭੇਜਣਾ ਸੀ, ਓਦੋਂ ਪਾਕਿਸਤਾਨ ਹਾਈ ਕਮਿਸ਼ਨ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਤੁਹਾਡੇ ਦੱਸੇ ਦਿਨਾਂ ਵਿੱਚ ਓਥੇ ਗੁਰਪੁਰਬ ਨਹੀਂ ਹੋਣਾ ਤੇ ਜਦੋਂ ਉਨ੍ਹਾਂ ਨੇ ਗੁਰਪੁਰਬ ਮਨਾਇਆ ਸੀ, ਓਦੋਂਸ਼੍ਰੋਮਣੀਕਮੇਟੀ ਨੇ ਜਥਾ ਨਹੀਂ ਸੀ ਭੇਜਿਆ। ਤਰੀਕਾਂ ਦਾ ਇਹ ਘਚੋਲਾ ਕਿਸੇ ਪਾਸੇ ਲਾਇਆ ਹੀ ਨਹੀਂ ਜਾ ਸਕਿਆ।

ਉਲਝਣ ਪ੍ਰਸ਼ਾਸਨ ਦੇ ਅਧਿਕਾਰੀਆਂ ਦੇ ਪੱਧਰ ਦੀ ਹੋਵੇ ਜਾਂ ਸਿਆਸੀ ਲੀਡਰਸ਼ਿਪ ਦੇ ਪੈਂਤੜਿਆਂ ਵਿੱਚ, ਧਰਮ ਦੇ ਖੇਤਰ ਵਿੱਚ ਹੋਵੇ ਜਾਂ ਸਮਾਜਕ ਰਿਵਾਇਤਾਂ ਦੇ ਪੱਖੋਂ, ਹਰ ਗੱਲ ਵਿੱਚ ਆਮ ਆਦਮੀ ਬੁਰੀ ਤਰ੍ਹਾਂ ਫਸ ਜਾਂਦਾ ਹੈ ਅਤੇ ਉਸ ਨੂੰ ਕਿਸੇ ਧਿਰ ਦੇ ਠੀਕ ਜਾਂ ਗਲਤ ਹੋਣ ਦਾ ਫੈਸਲਾ ਕਰਨਾ ਔਖਾ ਹੋ ਜਾਂਦਾ ਹੈ। ਉਹ ਘਚੋਲੇ ਦੀ ਇਸ ਹਾਲਤ ਵਿੱਚ ਕਦੀ ਇੱਕ ਧਿਰ ਵੱਲ ਅਤੇ ਕਦੀ ਦੂਸਰੀ ਵੱਲ ਮੂੰਹ ਚੁੱਕ-ਚੁੱਕ ਵੇਖਦਾ ਹੈ, ਪਰ ਮੁਸ਼ਕਲ ਇਹ ਹੈ ਕਿ ਜਿਨ੍ਹਾਂ ਵੱਲ ਇਹ ਆਮ ਆਦਮੀ ਵੇਖਦਾ ਹੈ, ਉਹ ਅੱਜ ਜਿਹੜੇ ਪੈਂਤੜੇ ਉੱਤੇ ਹੁੰਦੀਆਂ ਹਨ, ਕੱਲ੍ਹ ਨੂੰਕੂਹਣੀ-ਮੋੜ ਕੱਟ ਕੇ ਉਸ ਤੋਂ ਐਨ ਉਲਟ ਰਾਹ ਉੱਤੇ ਚੱਲ ਪੈਂਦੀਆਂ ਹਨ। ਨਤੀਜੇ ਵਜੋਂ ਆਮ ਆਦਮੀ ਇਨ੍ਹਾਂ ਦੇ ਮਗਰ ਤੁਰਿਆ ਜਾਂਦਾ ਇਨ੍ਹਾਂ ਦੇ ਮੋੜਾ ਕੱਟਣ ਨਾਲ ਪਹਿਲਾਂ ਤੋਂ ਵੀ ਵੱਧ ਉਲਝ ਜਾਂਦਾ ਹੈ। ਉਸ ਦੀ ਉਲਝਣ ਬਾਰੇ ਕੋਈ ਸੋਚਦਾ ਹੀ ਨਹੀਂ। ਭਾਰਤ ਦੇ ਲੋਕਤੰਤਰ, ਪ੍ਰਸ਼ਾਸਨ ਤੇ ਧਰਮ-ਖੇਤਰ ਵਿੱਚ ਸਭ ਤੋਂ ਵੱਧ ਕਸੂਤਾ ਫਸਿਆ ਹੈ ਭਾਰਤ ਦਾ ਆਮ ਆਦਮੀ। ਜਿਹੜੀ ਬੇਭਰੋਸਗੀ ਉਸ ਆਦਮੀ ਦੇ ਮਨ ਵਿੱਚ ਨਾ ਸਿਰਫ ਪੱਕੀਆਂ ਜੜ੍ਹਾਂ ਜਮਾਈ ਜਾਂਦੀ ਹੈ, ਸਗੋਂ ਹੋਰ ਤੋਂ ਹੋਰ ਲਗਾਤਾਰ ਵਧੀ ਜਾਣ ਦੇ ਸੰਕੇਤ ਮਿਲਦੇ ਹਨ, ਉਸ ਬੇਭਰੋਸਗੀ ਦੇ ਹੁੰਦਿਆਂ ਭਾਰਤ ਦਾ ਬਣੇਗਾ ਕੀ, ਇਸ ਬਾਰੇ ਸੋਚਣ ਵਾਲਾ ਕੋਈ ਲੀਡਰ ਹੀ ਨਹੀਂ।

# ਕੇਰਲ ਦੀ ਨਰਸ ਤੇ ਉਸ ਦੇ ਦੋ ਬੱਚਿਆਂ ਦੀ ਬ੍ਰਿਟੇਨ 'ਚ ਮੌਤ, ਪਤੀ 'ਤੇ ਲੱਗਾ ਦੋਸ



ਕੋਟਾਯਮ (ਕੇਰਲ), 18 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਵਿਚ ਭਾਰਤੀ ਮੂਲ ਦੀ ਨਰਸ ਅਤੇ ਉਸ ਦੇ ਦੋ ਛੋਟੇ ਬੱਚਿਆਂ ਦੀ ਹੱਤਿਆ ਦੀਆਂ ਖਬਰਾਂ ਤੋਂ ਇਕ ਦਿਨ ਬਾਅਦ, ਕੇਰਲ ਦੀ ਇਕ ਭਾਰਤੀ ਮੂਲ ਦੀ ਨਰਸ ਦੇ ਪਰਿਵਾਰ ਨੇ ਸਨੀਵਾਰ ਨੂੰ ਦੋਸ ਲਗਾਇਆ ਕਿ ਉਸ ਦਾ ਪਤੀ ਇਕ 'ਜਾਲਮ' ਵਿਅਕਤੀ ਸੀ। ਬੀਤੇ ਦਿਨੀਂ ਵੀ ਉਸ ਦੀ ਪਤਨੀ ਨਾਲ ਬਦਸਲੂਕੀ ਕੀਤੀ ਸੀ। ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੀਆਂ ਮੁਸਕਿਲਾਂ ਹੋਰ ਵਧ ਗਈਆਂ ਹਨ। ਲਾਸਾਂ ਨੂੰ ਭਾਰਤ ਵਾਪਸ ਲਿਆਉਣ ਅਤੇ ਆਪਣੀ ਧੀ ਅਤੇ ਪੋਤੇ ਨੂੰ ਆਖਰੀ ਵਾਰ ਦੇਖਣ ਲਈ ਉਸ ਨੂੰ ਲਗਭਗ 30 ਲੱਖ ਰੁਪਏ ਦੀ ਲੋੜ ਹੈ।

ਨਰਸ ਅੰਜੂ ਅਸ਼ੋਕ (35) ਅਤੇ ਉਸਦੇ ਬੱਚੇ ਇੱਕ ਛੇ ਸਾਲ ਦਾ ਪੁੱਤਰ ਅਤੇ ਇੱਕ ਚਾਰ ਸਾਲ ਦੀ ਬੱਚੀ ਵੀਰਵਾਰ ਨੂੰ ਪੂਰਬੀ ਇੰਗਲੈਂਡ ਦੇ ਕੇਟਰਿੰਗ ਦੇ ਨੌਰਥੈਂਪਟਨ ਖੇਤਰ ਵਿਚ ਆਪਣੇ ਘਰ ਵਿੱਚ ਗੰਭੀਰ ਰੂਪ ਵਿੱਚ ਜਖਮੀ ਪਾਏ ਗਏ। ਪੁਲਸ ਮੁਤਾਬਕ ਅੰਜੂ ਅਸੋਕ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਬੱਚਿਆਂ ਨੇ ਹਸਪਤਾਲ 'ਚ ਦਮ ਤੋੜ ਦਿੱਤਾ।

ਕੇਰਲ ਦੇ ਕੋਟਾਯਮ ਜ਼ਿਲੇ ਦੇ ਵਾਈਕੋਮ ਇਲਾਕੇ 'ਚ ਸਥਿਤ ਆਪਣੇ ਘਰ 'ਚ ਮੀਡੀਆ ਨਾਲ ਗੱਲ ਕਰਦੇ ਹੋਏ ਅੰਜੂ ਅਸੋਕ ਦੇ ਮਾਤਾ-ਪਿਤਾ ਨੇ ਦੱਸਿਆ ਕਿ ਬੀਤੀ ਰਾਤ ਸਥਾਨਕ ਪੁਲਸ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਦੀ ਬੇਟੀ ਦੇ ਪੋਸਟਮਾਰਟਮ ਦੇ ਮੁਤਾਬਕ ਉਸ ਦਾ ਕੱਪੜੇ ਜਾਂ ਰੱਸੀ ਨਾਲ ਗਲਾ ਘੁੱਟ ਕੇ ਕਤਲ ਕੀਤਾ ਗਿਆ ਸੀ। ਅੱਜ ਉਸ ਦੇ ਪੋਤੇ ਦਾ ਪੋਸਟਮਾਰਟਮ ਹੋਣਾ ਸੀ। ਅੰਜੂ ਅਸੋਕ ਦੀ ਮਾਂ ਨੇ ਦੋਸ ਲਾਇਆ ਕਿ ਉਸ ਦਾ ਜਵਾਈ ਸਾਜੂ ਇੱਕ 'ਜਾਲਮ' ਵਿਅਕਤੀ ਸੀ ਅਤੇ ਉਸ ਨੇ ਉਸ ਨੂੰ ਆਪਣੀ ਧੀ ਅਤੇ ਪੋਤੇ 'ਤੇ ਹਮਲਾ ਕਰਦਿਆਂ ਦੇਖਿਆ ਸੀ ਜਦੋਂ ਉਹ ਸਾਊਦੀ ਅਰਬ ਵਿੱਚ ਰਹਿ ਰਹੇ ਸਨ। ਉਸ ਨੇ ਹੀ ਉਨ੍ਹਾਂ ਦੀ ਹੱਤਿਆ ਕੀਤੀ ਹੈ।


NEED A LAWYER ??

Red Seal NOTARY

KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।

RSFO Ramgarhia Sikh Foundation of Ontario

Ramgarhia Sikh Foundation of Ontario
10th International Award 2023

Dedicated to the 300th Birth Anniversary of Maharaja Jassa Singh Ramgarhia

300 ਸਾਲਾ ਮਹਾਰਾਜਾ ਰਾਮਗੜ੍ਹੀਆ ਦੇ ਨਾਮ

| | | |
|---|---|---|
| 19th May | Welcoming Guests | 10am |
| 19th May | Lunch | 1pm to 3pm |
| 20th May | Seminar | 10am to 4pm |
| 21th May | Presentation of Awards | 10am to 4pm |

on Friday, 19th May 2023
10:00am to 6:00pm
Century Gardens Recreations Complex (Auditorium 1)
340 Vodden Street East, Brampton, ON, L6V 2N2



Bhupinder Singh Seera (647) 833-6960
Ravinder Pal Singh Sond (647) 403-6767
Gurucharan Singh (Dubai) (416) 845-1019
Mohinder Singh Kundi (647) 294-1669
Harpal Singh Matharu (416) 579 3817
Jaswinder Singh Bhachu (416) 728 2776
Baldev Singh Mankoo (647) 2089729
Karnail Singh Marwaha (416) 567 5159

Daljit S. Gaidhu, Chairman, 416-305-9878
Jasbir S. Sehmbi, Vice Chairman, 437-774-1410
Manjit S. Bhachu, President, 416-275-2374
Jarnail S. Matharu, Treasurer, 416-409-6207
Hardial S. Jheeta, General Secretary, 647-409-8915

Address: 7956 Torbram Road #40, Bldg-B, Brampton, ON, L6T 5A2, Canada

# ਸੰਤ ਬਾਬਾ ਮਾਨ ਦਾਸ ਜੀ ਅਤੇ ਸੰਤ ਬਾਬਾ ਈਸ਼ਰ ਗਿਰ ਜੀ ਦੀ ਯਾਦ ਚ 22ਵੇਂ ਕਬੱਡੀ ਟੂਰਨਾਮੈਂਟ

* ਸੰਤ ਬਾਬਾ ਮਾਨ ਦਾਸ ਜੀ ਅਤੇ ਸੰਤ ਬਾਬਾ ਈਸ਼ਰ ਗਿਰ ਜੀ ਦੀ ਯਾਦ ਚ 22ਵੇਂ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ







ਫਰੀਦਕੋਟ, 18 ਦਸੰਬਰ (ਗਿਆਨ ਸਿੰਘ) - ਸੰਤ ਬਾਬਾ ਮਾਨ ਦਾਸ ਜੀ ਅਤੇ ਸੰਤ ਬਾਬਾ ਈਸ਼ਰ ਗਿਰ ਜੀ ਦੀ ਯਾਦ ਚ 22ਵਾਂ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿਚ ਸਪੀਕਰ ਪੰਜਾਬ ਵਿਧਾਨ ਸਭਾ ਸ।ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਨੇ ਖਿਡਾਰੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਨਾਲ ਸਾਡੇ ਸਰੀਰਿਕ ਅਤੇ ਮਾਨਸਿਕ ਪੱਖੋਂ ਵਿਕਾਸ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਉਪਰਾਲੇ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੀ ਮੰਗ ਮੁਤਾਬਿਕ ਸਕੂਲ ਦੀ ਚਾਰਦੀਵਾਰੀ ਅਤੇ ਖੇਡ ਸਟੇਡੀਅਮ ਦੀ ਮੰਗ ਨੂੰ ਜਲਦ ਹੀ ਪੂਰਾ ਕੀਤਾ ਜਾਵੇਗਾ। ਇਸ ਮੌਕੇ ਮਨਪ੍ਰੀਤ ਸਿੰਘ ਧਾਲੀਵਾਲ ਪੀ।ਆਰ।ਓ ਸਪੀਕਰ ਪੰਜਾਬ ਵਿਧਾਨ ਸਭਾ, ਸੁਖਵੰਤ ਸਿੰਘ ਸਰਾਂ ਜ਼ਿਲਾ ਯੂਥ ਪ੍ਰਧਾਨ, ਬੱਬੂ ਸੰਧੂ ਰਾਜਪਾਲ ਸਿੰਘ , ਸਿੰਘ ਸਿੱਖਾਂਵਾਲਾ,ਡਾਕਟਰ ਜਸਵਿੰਦਰ ਬਰਾੜ, ਛਿੰਦਾ ਕਟਾਰੀਆ,ਜਗਸੀਰ ਸਿੰਘ ਸੰਧਵਾਂ ਪ੍ਰਧਾਨ ਟਰੱਕ ਯੂਨੀਅਨ, ਹਾਜ਼ਰ ਸਨ।

# ਨੇਚਰ ਪਾਰਕ ਵਿਖੇ ਕੁਦਰਤਵਾਦੀ ਸਰਬਸਾਂਝਾ ਮੰਚ ਦੇ ਯੂਨਿਟ ਮੋਗਾ ਦੀ ਵਿਸ਼ੇਸ ਇਕੱਤਰਤਾ ਹੋਈ

* ਸ੍ਰੀ ਅਸ਼ੋਕ ਚਟਾਨੀ ਦੀ ਕਿਤਾਬ 'ਹਕੀਕਤ ਤੋਂ ਪਰੇ" ਲੋਕ ਅਰਪਣ * ਬਲਦੇਵ ਸਿੰਘ ਸੜਕਨਾਮਾ ਦਾ ਮਨਾਇਆ ਜਨਮ ਦਿਨ





ਮੋਗਾ 18 ਦਸੰਬਰ (ਪੋਸਟ ਬਿਊਰੋ) - ਨੇਚਰ ਪਾਰਕ ਵਿਖੇ ਕੁਦਰਤਵਾਦੀ ਸਰਬਸਾਂਝਾ ਮੰਚ ਦੇ ਯੂਨਿਟ ਮੋਗਾ ਦੀ ਵਿਸ਼ੇਸ ਇਕੱਤਰਤਾ ਹੋਈ। ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਨਾਵਲਕਾਰ ਸ ਬਲਦੇਵ ਸਿੰਘ ਸੜਕਨਾਮਾ, ਸ ਗੁਰਬਚਨ ਸਿੰਘ ਚਿੰਤਕ (ਕੈਨੇਡਾ) ਤੇ ਮੰਚ ਦੇ ਜਿਲ੍ਹਾ ਪ੍ਰਧਾਨ ਸ੍ਰੀ ਅਸ਼ੋਕ ਚਟਾਨੀ ਸਾਮਲ ਸਨ। ਸ ਗਿਆਨ ਸਿੰਘ ਨੇ ਕਾਰਵਾਈ ਆਰੰਭ ਕਰਦਿਆਂ ਸਭ ਦਾ ਸਵਾਗਤ ਕੀਤਾ ਤੇ ਇਕੱਤਰਤਾ ਦੇ ਮੰਤਵ ਬਾਰੇ ਜਾਣਕਾਰੀ ਦਿੱਤੀ। ਸ ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਸ੍ਰੀ ਅਸ਼ੋਕ ਚਟਾਨੀ ਨੇ ਹੁਣ ਤੱਕ 54 ਕਿਤਾਬਾਂ ਲਿਖ ਕੇ ਨਵਾਂ ਮੀਲ ਪੱਥਰ ਸਥਾਪਤ ਕੀਤਾ। ਚਿੰਤਕ ਨੇ ਵਧਾਈ ਦਿੰਦਿਆਂ ਕਿਹਾ ਕਿ ਸਾਹਿਤ ਸਿਰਜਣਾ ਵਿਚ ਚਟਾਨੀ ਦਾ ਯੋਗਦਾਨ ਵਿਲੱਖਣ ਹੈ। ਪ੍ਰਸਿੱਧ ਅਲੋਚਕ ਤੇ ਲੇਖਕ ਡਾਕਟਰ ਸੁਰਜੀਤ ਬਰਾੜ ਨੇ ਕਿਹਾ ਕਿ ਚਟਾਨੀ ਦੀਆਂ ਲਿਖਤਾਂ ਵਿਚ ਦਿਨ ਬ ਦਿਨ ਨਵਾਂ ਨਿਖਾਰ ਆ ਰਿਹਾ ਹੈ। ਇਸ ਮੌਕੇ ਸ੍ਰੀ ਅਸ਼ੋਕ ਚਟਾਨੀ ਵਲੋ ਲਿਖੀ 54 ਵੀ ਕਾਵਿ/ਨਜ਼ਮ/ਗਜ਼ਲ ਸੰਗਰਿਹ "ਹਕੀਕਤ ਤੋਂ ਪਰੇ" ਲੋਕ ਅਰਪਣ ਕੀਤੀ। ਸ ਬਲਦੇਵ ਸਿੰਘ ਸੜਕਨਾਮਾ ਦਾ 81ਵਾਂ ਜਨਮ ਦਿਨ ਕੇਕ ਕੱਟਕੇ ਮਨਾਇਆ ਗਿਆ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਗੁਰਦੇਵ ਸਿੰਘ ਦਰਦੀ, ਹਰਭਜਨ ਸਿੰਘ ਨਾਗਰਾ, ਬੇਅੰਤ ਕੌਰ ਗਿੱਲ,ਸ੍ਰੀ ਅਸ਼ੋਕ ਚਟਾਨੀ , ਬਲਦੇਵ ਸੜਕਨਾਮਾ, ਗੁਰਬਚਨ ਸਿੰਘ ਚਿੰਤਕ , ਭੁਪਿੰਦਰ ਸਿੰਘ ਜੋਗੇਵਾਲਾ, ਡਾਕਟਰ ਸੁਰਜੀਤ ਬਰਾੜ ,ਪਰਮਜੀਤ ਸਿੰਘ ਚੂਹੜਚੱਕ ਤੇ ਨਰਿੰਦਰ ਰੋਹੀ ਨੇ ਰਚਨਾਵਾਂ ਪੇਸ ਕੀਤੀਆਂ। ਸ੍ਰੀ ਅਸ਼ੋਕ ਚਟਾਨੀ ਨੇ ਕਿਹਾ ਕਿ ਕਿਤਾਬਾਂ ਲਿਖਣ ਦੀ ਹੱਲਾਸੇਰੀ ਦੋਸਤਾਂ ਮਿੱਤਰਾਂ ਤੋਂ ਮਿਲੀ ਤੇ ਉਹ ਨਿਰੰਤਰ ਲਿਖ ਰਹੇ ਹਨ। ਉਹਨਾਂ ਕਿਹਾ ਕਿ ਉਹ ਸਾਹਿਤ ਸਿਰਜਣਾ ਵਿੱਚ ਯੋਗਦਾਨ ਪਾਉਦੇ ਰਹਿਣਗੇ।ਉਹਨਾਂ ਸਾਹਿਤਕਾਰਾਂ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਤੇ ਜਗਤਾਰ ਸਿੰਘ, ਅਵਤਾਰ ਸਿੰਘ ਸਿੱਧੂ, ਅਕਾਸ਼ ਸਿੰਘ ਤੇ ਸੰਚਿਤ ਗਰੋਵਰ ਵੀ ਹਾਜਰ ਸਨ।

ਪੰਜਾਬੀ ਪੋਸਟ CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

# ਜ਼ੀਰੋ ਕੋਵਿਡ ਪਾਲਿਸੀ ਹਟਾਉਣ ਤੋਂ ਬਾਅਦ ਚੀਨ ਵਿਚ ਫਿਰ ਕਾਲ ਬਣਿਆ ਕੋਰੋਨਾ, ਸੜਕਾਂ ਪਸਰੀ ਚੁੱਪ



ਬੀਜਿੰਗ, 18 ਦਸੰਬਰ (ਪੋਸਟ ਬਿਊਰੋ) - ਚੀਨ 'ਚ ਇਕ ਵਾਰ ਫਿਰ ਤੋਂ ਕੋਰੋਨਾ ਦਾ ਕਹਿਰ ਵਧਦਾ ਜਾ ਰਿਹਾ ਹੈ। ਕੋਵਿਡ ਦਾ ਡਰ ਇਸ ਹੱਦ ਤੱਕ ਹਾਵੀ ਹੈ ਕਿ ਲੋਕ ਆਪਣੇ ਆਪ ਨੂੰ ਬਚਾਉਣ ਲਈ ਘਰਾਂ ਵਿੱਚ ਕੈਦ ਹੋ ਗਏ ਹਨ। ਜਿਸ ਕਾਰਨ ਸੜਕਾਂ 'ਤੇ ਚੁੱਪ ਪਸਰ ਗਈ ਹੈ। ਚੀਨ ਦੇ ਕਈ ਸ਼ਹਿਰ ਅਜਿਹੇ ਹਨ ਜਿੱਥੇ ਕੋਵਿਡ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਸਥਿਤੀ ਇਹ ਹੈ ਕਿ ਕਈ ਸ਼ਹਿਰਾਂ ਦੇ ਹਸਪਤਾਲਾਂ ਵਿਚ ਐਂਟੀਜੇਨ ਟੈਸਟ ਕਿੱਟਾਂ ਦੀ ਘਾਟ ਹੈ, ਸ਼ਮਸ਼ਾਨਘਾਟ ਵਿੱਚ ਲੰਮੀਆਂ ਕਤਾਰਾਂ ਖੜ੍ਹੀਆਂ ਹਨ। ਇੰਨਾਂ ਹੀ ਨਹੀਂ, ਮਾਹਰ ਕਹਿ ਰਹੇ ਹਨ ਕਿ ਚੀਨ ਨੂੰ ਤਿੰਨ ਲਹਿਰਾਂ ਲਈ ਚੌਕਸ ਰਹਿਣਾ ਹੋਵੇਗਾ, ਕਿਉਂਕਿ ਇਸ ਦੌਰਾਨ ਮਾਮਲੇ ਵਧ ਸਕਦੇ ਹਨ।

ਚੀਨ ਦੇ ਮੁੱਖ ਮਹਾਂਮਾਰੀ ਵਿਗਿਆਨੀ ਵੂ ਜੁਨਯਾਓ ਨੇ ਚੇਤਾਵਨੀ ਦਿੱਤੀ ਹੈ ਕਿ ਚੀਨ ਵਿੱਚ ਕੋਰੋਨਾ ਦੀਆਂ ਤਿੰਨ ਲਹਿਰਾਂ ਹੋਣਗੀਆਂ। ਪਹਿਲਾ ਮੌਕਾ ਕ੍ਰਿਸਮਸ ਤੋਂ ਬਾਅਦ, ਦੂਜਾ ਨਵੇਂ ਸਾਲ ਤੋਂ ਬਾਅਦ ਅਤੇ ਤੀਜਾ ਚੰਦਰ ਨਵੇਂ ਸਾਲ ਤੋਂ ਬਾਅਦ ਹੋਵੇਗਾ। ਕਿਉਂਕਿ ਇਨ੍ਹਾਂ ਮੌਕਿਆਂ 'ਤੇ ਲੋਕ ਆਪਣੇ ਘਰਾਂ ਨੂੰ ਪਰਤਦੇ ਹਨ, ਲਾਪਰਵਾਹੀ ਕਾਰਨ ਖਤਰਾ ਕਈ ਗੁਣਾ ਵਧ ਸਕਦਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਦੀਆਂ ਤਿੰਨ ਲਹਿਰਾਂ ਵਿਚੋਂ ਪਹਿਲੀ ਲਹਿਰ ਇਸ ਸਰਦੀਆਂ ਵਿੱਚ ਆਵੇਗੀ।

# ਨਿਊਯਾਰਕ 'ਚ ਭਾਰਤੀ-ਅਮਰੀਕੀ ਮਹਿਲਾ ਉਦਯੋਗਪਤੀ ਦੀ ਅੱਗ ਨਾਲ ਸੜ ਕੇ ਮੌਤ



ਨਿਊਯਾਰਕ, 18 ਦਸੰਬਰ (ਪੋਸਟ ਬਿਊਰੋ) - ਇੱਕ ਹੈਰਾਨ ਕਰਨ ਵਾਲੀ ਘਟਨਾ ਵਿੱਚ, ਨਿਊਯਾਰਕ ਦੇ ਲਾਂਗ ਆਈਲੈਂਡ ਵਿੱਚ ਇੱਕ 32 ਸਾਲਾ ਭਾਰਤੀ-ਅਮਰੀਕੀ ਉਦਯੋਗਪਤੀ ਅਤੇ ਉਸਦੇ ਕੁੱਤੇ ਦੀ ਡਿਕਸ ਹਿਲਜ ਕਾਟੇਜ ਵਿੱਚ ਅੱਗ ਲੱਗਣ ਕਾਰਨ ਮੌਤ ਹੋ ਗਈ। ਇਹ ਘਟਨਾ 14 ਦਸੰਬਰ ਦੀ ਹੈ। ਤਾਨਿਆ ਬਥੀਜਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅੱਗ ਦੀਆਂ ਲਪਟਾਂ ਇੰਨੀਆਂ ਤੇਜ ਸਨ ਕਿ ਪੁਲਿਸ ਅਧਿਕਾਰੀ ਘਰ ਦੇ ਅੰਦਰ ਨਹੀਂ ਵੜ ਸਕੇ।

ਇਸ ਬਾਰੇ ਪੈਟਰੋਲਿੰਗ ਅਧਿਕਾਰੀਆਂ ਨੂੰ 2:53 'ਤੇ ਸੂਚਿਤ ਕੀਤਾ ਗਿਆ। ਇਸ ਦੌਰਾਨ, ਸਫੋਲਕ ਕਾਉਂਟੀ ਪੁਲਿਸ ਵਿਭਾਗ ਨੇ ਇਸ ਮਾਮਲੇ ਵਿੱਚ ਕਿਸੇ ਵੀ ਅਪਰਾਧਿਕ ਸਾਜ਼ਿਸ਼ ਤੋਂ ਇਨਕਾਰ ਕੀਤਾ ਹੈ। ਸਫੋਲਕ ਪੁਲਿਸ ਵਿਭਾਗ ਦੇ ਲੈਫਟੀਨੈਂਟ ਕੇਵਿਨ ਬੇਅਰਰ ਨੇ ਵਿਭਾਗ ਦੇ ਕਤਲ ਦਸਤੇ ਦੇ ਮੁਖੀ ਦੇ ਹਵਾਲੇ ਨਾਲ ਕਿਹਾ, "ਤਾਨਿਆ ਬਥੀਜਾ ਕਾਰਲਸ ਸਟ੍ਰੇਟ ਪਾਥ 'ਤੇ ਆਪਣੇ ਮਾਪਿਆਂ ਦੇ ਘਰ ਦੇ ਪਿੱਛੇ ਇਕ ਕਾਟੇਜ ਵਿੱਚ ਰਹਿੰਦੀ ਸੀ।"

ਪੁਲਿਸ ਨੇ ਦੱਸਿਆ ਕਿ ਬਥੀਜਾ ਦੇ ਪਿਤਾ ਗੋਬਿੰਦ ਬਥੀਜਾ ਸਵੇਰੇ ਕਸਰਤ ਲਈ ਜਾ ਰਹੇ ਸਨ ਜਦੋਂ ਉਨ੍ਹਾਂ ਨੇ ਅੱਗ ਨੂੰ ਦੇਖਿਆ ਅਤੇ ਤੁਰੰਤ 911 ਡਾਇਲ ਕੀਤਾ।

ਸੂਚਨਾ ਮਿਲਣ ਤੋਂ ਬਾਅਦ ਪਹੁੰਚੇ ਪੈਟਰੋਲਿੰਗ ਅਫਸਰ ਅਤੇ ਇਕ ਸਾਰਜੈਂਟ ਨੇ ਬਥੀਜਾ ਦੇ ਕਾਟੇਜ ਵਿਚ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਕਾਰਨ ਉਹ ਨਹੀਂ ਜਾ ਸਕੇ। ਉਨ੍ਹਾਂ ਨੂੰ ਧੂੰਆਂ ਸਾਹ ਨਾਲ ਅੰਦਰ ਖਿੱਚੇ ਜਾਣ ਕਾਰਣ ਸਟੋਨੀ ਬਰੁਕ ਯੂਨੀਵਰਸਿਟੀ ਹਸਪਤਾਲ ਲਿਜਾਇਆ ਗਿਆ।

ਡਿਕਸ ਹਿਲਸ ਫਾਇਰ ਡਿਪਾਰਟਮੈਂਟ ਦੇ ਬੁਲਾਰੇ ਨੇ ਦੱਸਿਆ ਕਿ ਅੱਗ ਬੁਝਾਉਣ ਲਈ 60 ਤੋਂ ਵੱਧ ਫਾਇਰਫਾਈਟਰਜ ਅਤੇ ਬਚਾਅ ਕਰਮਚਾਰੀਆਂ ਨੂੰ ਭੇਜਿਆ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਤਾਨਿਆ ਬਥੀਜਾ ਦਾ ਸਸਕਾਰ ਮੈਲੋਨੀ ਦੇ ਲੇਕ ਫਿਊਨਰਲ ਹੋਮ ਅਤੇ ਰੋਨਕੋਨਕੋਮਾ ਲੇਕ ਸਮਸਾਨਘਾਟ ਵਿੱਚ ਕੀਤਾ ਜਾਵੇਗਾ।

# ਮਹਾਰਾਸ਼ਟਰ 'ਚ ਨਾਬਾਲਗ ਨਾਲ 12 ਘੰਟੇ ਤੱਕ 8 ਮੁਲਜ਼ਮਾਂ ਨੇ ਕੀਤਾ ਗੈਂਗਰੇਪ



ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ) - ਮਹਾਰਾਸ਼ਟਰ ਦੇ ਪਾਲਘਰ 'ਚ ਇਕ ਨਾਬਾਲਗ ਲੜਕੀ ਨਾਲ ਬੇਰਹਿਮੀ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਮੁਤਾਬਕ ਮੁਲਜਮਾਂ ਨੇ 16 ਸਾਲਾ ਲੜਕੀ ਨਾਲ 12 ਘੰਟੇ ਤੱਕ ਸਮੂਹਿਕ ਬਲਾਤਕਾਰ ਕੀਤਾ। ਪੁਲਿਸ ਦੀ ਸੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਸ ਵਾਰਦਾਤ ਵਿਚ ਕੁੱਲ ਅੱਠ ਮੁਲਜ਼ਮ ਸ਼ਾਮਲ ਸਨ। ਪੀੜਤਾ ਨੇ ਪੁਲਸ ਨੂੰ ਆਪਣੇ ਬਿਆਨ 'ਚ ਦੱਸਿਆ ਕਿ ਇਕ ਲੜਕੇ ਨੇ ਉਸ ਨੂੰ ਮਿਲਣ ਦਾ ਲਾਲਚ ਦਿੱਤਾ ਸੀ। ਜਿਵੇਂ ਹੀ ਉਹ ਮੁਲਜਮ ਨੂੰ ਮਿਲੀ, ਉਹ ਉਸ ਨੂੰ ਆਪਣੇ ਖਾਲੀ ਬੰਗਲੇ ਵਿੱਚ ਲੈ ਗਿਆ। ਪੀੜਤਾ ਨੂੰ ਬੰਗਲੇ 'ਚ ਲਿਜਾਣ ਤੋਂ ਬਾਅਦ ਮੁਲਜ਼ਮ ਨੇ ਆਪਣੇ ਹੋਰ ਦੋਸਤਾਂ ਨੂੰ ਬੁਲਾਇਆ ਅਤੇ ਅਗਲੀ ਸਵੇਰ ਤੱਕ ਉਸ ਨਾਲ ਵਾਰੀ-ਵਾਰੀ ਬਲਾਤਕਾਰ ਕਰਦੇ ਰਹੇ। ਘਟਨਾ ਸੁੱਕਰਵਾਰ ਦੀ ਹੈ।

ਪੁਲਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਹੈ। ਪੀੜਤ ਲੜਕੀ ਨੇ ਆਪਣੇ ਬਿਆਨ 'ਚ ਦੱਸਿਆ ਕਿ ਮੁਲਜ਼ਮ ਨੇ ਉਸ ਨਾਲ ਪਹਿਲੀ ਵਾਰ ਰਾਤ ਅੱਠ ਵਜੇ ਬਲਾਤਕਾਰ ਕੀਤਾ, ਜੋ ਅਗਲੇ ਦਿਨ ਸਵੇਰੇ 11 ਵਜੇ ਤੱਕ ਜਾਰੀ ਰਿਹਾ। ਪੀੜਤਾ ਦਾ ਕਹਿਣਾ ਹੈ ਕਿ ਅਗਲੇ ਦਿਨ ਮੁਲਜ਼ਮ ਉਸ ਨੂੰ ਸਮੁੰਦਰ ਕਿਨਾਰੇ ਲੈ ਗਿਆ ਅਤੇ ਉੱਥੇ ਵੀ ਉਸ ਨਾਲ ਬਲਾਤਕਾਰ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ। ਇਸ ਮਾਮਲੇ 'ਚ ਪੁਲਸ ਨੇ ਪੀੜਤਾ ਦੀ ਸ਼ਿਕਾਇਤ ਦੇ ਆਧਾਰ 'ਤੇ ਸਾਰੇ 8 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਫਿਲਹਾਲ ਪੁਲਿਸ ਇਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਦੇ ਨਾਲ ਹੀ ਸਾਰੇ ਮੁਲਜ਼ਮਾਂ ਦੇ ਬਿਆਨ ਵੀ ਦਰਜ ਕੀਤੇ ਜਾ ਰਹੇ ਹਨ।

# ਬਿਲਕਿਸ ਬਾਨੋ ਨੂੰ ਸੁਪਰੀਮ ਕੋਰਟ ਤੋਂ ਝਟਕਾ, 11 ਦੋਸ਼ੀਆਂ ਦੀ ਰਿਹਾਈ 'ਤੇ ਇਤਰਾਜ ਪਟੀਸ਼ਨਾਂ 'ਚੋਂ ਇਕ ਖਾਰਜ



ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਬਿਲਕਿਸ ਬਾਨੋ ਵਲੋਂ ਦਾਇਰ ਦੋ ਪਟੀਸ਼ਨਾਂ ਵਿਚੋਂ ਇਕ ਨੂੰ ਖਾਰਜ ਕਰ ਦਿੱਤਾ ਹੈ। ਇਸ ਪਟੀਸ਼ਨ 'ਚ ਬਿਲਕਿਸ ਬਾਨੋ ਨੇ 2002 ਦੀ ਗੁਜਰਾਤ ਫਿਰਕੂ ਹਿੰਸਾ ਦੌਰਾਨ ਉਸ ਨਾਲ ਬਲਾਤਕਾਰ ਕਰਨ ਅਤੇ ਉਸ ਦੇ ਕਈ ਪਰਿਵਾਰਕ ਮੈਂਬਰਾਂ ਦੀ ਹੱਤਿਆ ਕਰਨ ਵਾਲੇ 11 ਦੋਸੀਆਂ ਨੂੰ ਬਰੀ ਕਰਨ 'ਤੇ ਸੁਪਰੀਮ ਕੋਰਟ ਦੇ ਮਈ 2022 ਦੇ ਹੁਕਮ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਸੀ। ਇਸ ਹੁਕਮ 'ਚ ਗੁਜਰਾਤ ਸਰਕਾਰ ਨੂੰ ਦੋਸ਼ੀਆਂ ਦੀ ਰਿਹਾਈ ਪਟੀਸਨ 'ਤੇ ਵਿਚਾਰ ਕਰਨ ਲਈ ਕਿਹਾ ਗਿਆ ਸੀ। ਹਾਲਾਂਕਿ, ਬਿਲਕਿਸ ਦੀ ਦੂਜੀ ਪਟੀਸ਼ਨ, ਜੋ ਦੋਸ਼ੀਆਂ ਦੇ ਬਰੀ ਹੋਣ ਦੇ ਆਧਾਰ ਨੂੰ ਚੁਣੌਤੀ ਦਿੰਦੀ ਹੈ, ਇਸ ਫੈਸਲੇ ਨਾਲ ਤੁਰੰਤ ਪ੍ਰਭਾਵਤ ਨਹੀਂ ਹੋਵੇਗੀ।

ਉਮਰ ਕੈਦ ਦੀ ਸਜਾ ਭੁਗਤ ਰਹੇ ਬਿਲਕਿਸ ਦੇ 11 ਦੋਸ਼ੀਆਂ ਨੂੰ 15 ਅਗਸਤ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਸੀ। "ਚੰਗੇ ਵਿਵਹਾਰ" ਨੂੰ ਸਮੇਂ ਤੋਂ ਪਹਿਲਾਂ ਰਿਹਾਈ ਦਾ ਆਧਾਰ ਬਣਾਇਆ ਗਿਆ ਸੀ। 1992 ਦੀ ਨੀਤੀ ਤਹਿਤ ਗੁਜਰਾਤ ਦੀ ਭਾਜਪਾ ਸਰਕਾਰ ਨੇ ਇਸ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਪ੍ਰਵਾਨਗੀ ਲਈ ਸੀ। ਹਾਲਾਂਕਿ ਤਾਜਾ ਨੀਤੀ ਕਹਿੰਦੀ ਹੈ ਕਿ ਸਮੂਹਿਕ ਬਲਾਤਕਾਰ ਅਤੇ ਕਤਲ ਦੇ ਦੋਸ਼ੀਆਂ ਦੀ ਛੇਤੀ ਰਿਹਾਈ ਨਹੀਂ ਕੀਤੀ ਜਾ ਸਕਦੀ, ਸੁਪਰੀਮ ਕੋਰਟ ਨੇ ਇਸ ਦਲੀਲ ਨਾਲ ਸਹਿਮਤੀ ਪ੍ਰਗਟਾਈ ਕਿ 1992 ਦੀ ਨੀਤੀ ਵਿਚ ਅਜਿਹੀ ਕੋਈ ਮਜਬੂਰੀ ਨਹੀਂ ਸੀ। ਇਸ ਲਈ ਉਨ੍ਹਾਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ।

2008 ਵਿੱਚ ਬਿਲਕੀਸ ਦੇ 11 ਮੁਲਜਮਾਂ ਨੂੰ ਦੋਸੀ ਠਹਿਰਾਇਆ ਗਿਆ ਸੀ। ਕਰੀਬ 15 ਸਾਲ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ, 11 ਦੋਸ਼ੀਆਂ ਵਿੱਚੋਂ ਇੱਕ ਨੇ ਉਮਰ ਕੈਦ ਦੀ ਨੀਤੀ ਦੇ ਅਨੁਸਾਰ ਸਮੇਂ ਤੋਂ ਪਹਿਲਾਂ ਰਿਹਾਈ ਲਈ ਅਦਾਲਤ ਦਾ ਰੁਖ ਕੀਤਾ। ਇਹ ਵਿਵਾਦ ਸੁਪਰੀਮ ਕੋਰਟ ਤੱਕ ਪਹੁੰਚ ਗਿਆ। ਸੁਪਰੀਮ ਕੋਰਟ ਨੇ ਇਸ ਸਾਲ ਮਈ 'ਚ ਗੁਜਰਾਤ ਸਰਕਾਰ ਨੂੰ ਕਿਹਾ ਸੀ ਕਿ ਇਨ੍ਹਾਂ ਅਪਰਾਧੀਆਂ ਦੀ ਪਟੀਸ਼ਨ 'ਤੇ ਵਿਚਾਰ ਕੀਤਾ ਜਾਵੇ। ਇਸ ਤੋਂ ਬਾਅਦ ਤਿੰਨ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਸਾਰੇ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਗਿਆ।

# ਲਾਰੈਂਸ ਬਿਸ਼ਨੋਈ ਗੈਂਗ ਦਾ ਸ਼ਾਰਪ ਸ਼ੂਟਰ ਅਰੁਣ ਰਾਣਾ ਗ੍ਰਿਫਤਾਰ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ) - ਦਿੱਲੀ ਪੁਲਿਸ ਦੇ ਸਪੈਸਲ ਸੈੱਲ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੈਂਗਸਟਰ ਕਾਲਾ ਜਠੇੜੀ ਦੇ ਸ਼ਾਰਪ ਸ਼ੂਟਰ ਅਤੇ ਗੈਂਗ ਨੂੰ ਹਥਿਆਰ ਮੁਹੱਈਆ ਕਰਵਾਉਣ ਵਾਲੇ ਗੈਂਗਸਟਰ ਅਰੁਣ ਰਾਣਾ ਨੂੰ ਦਿੱਲੀ ਦੇ ਨਜਫ਼ਗੜ੍ਹ ਇਲਾਕੇ ਤੋਂ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਉਸ ਦੇ ਕਬਜ਼ੇ ਵਿਚੋਂ ਹਥਿਆਰ ਅਤੇ ਕੁਝ ਕਾਰਤੂਸ ਵੀ ਬਰਾਮਦ ਕੀਤੇ ਹਨ। 17 ਦਸੰਬਰ ਨੂੰ ਸਪੈਸਲ ਸੈੱਲ ਦੇ ਇੰਸਪੈਕਟਰ ਰਵਿੰਦਰ ਤਿਆਗੀ ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਅਰੁਣ ਰਾਣਾ ਦਿੱਲੀ ਦੇ ਇਕ ਵਪਾਰੀ ਤੋਂ ਫਿਰੌਤੀ ਲੈਣ ਲਈ ਆਉਣ ਵਾਲਾ ਹੈ। ਇਸ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਅਰੁਣ ਰਾਣਾ ਨੂੰ ਨਜ਼ਫਗੜ੍ਹ ਕਾਪਸੇਰਾ ਰੋਡ 'ਤੇ ਜਾਲ ਵਿਛਾ ਕੇ ਕਾਬੂ ਕੀਤਾ ਗਿਆ।

ਸਾਲ 2020 'ਚ ਅਰੁਣ ਰਾਣਾ ਦੇ ਤਾਰ ਸਿੱਧੇ ਤੌਰ 'ਤੇ ਲਾਰੈਂਸ ਬਿਸਨੋਈ ਨਾਲ ਜੁੜੇ ਹੋਏ ਸਨ। ਇਸ ਤੋਂ ਪਹਿਲਾਂ ਉਹ ਲੰਬੇ ਸਮੇਂ ਤੋਂ ਗੈਂਗਸਟਰ ਕਾਲਾ ਜਠੇੜੀ ਨਾਲ ਜੁੜਿਆ ਹੋਇਆ ਸੀ ਅਤੇ ਉਸ ਲਈ ਕੰਮ ਕਰ ਰਿਹਾ ਸੀ। ਸਪੈਸਲ ਸੈੱਲ ਦੇ ਅਨੁਸਾਰ ਗੈਂਗਸਟਰ ਕਾਲਾ ਜਠੇੜੀ ਨੂੰ ਅਰੁਣ ਰਾਣਾ ਅਤੇ ਉਸਦੇ ਸਾਥੀਆਂ ਨੇ ਫਰੀਦਾਬਾਦ ਵਿਚ ਪੁਲਿਸ ਸੁਰੱਖਿਆ ਦੇ ਵਿਚਕਾਰ ਅਤਿ-ਆਧੁਨਿਕ ਹਥਿਆਰਾਂ ਅਤੇ ਤੇਜ ਫਾਇਰਿੰਗ ਦੀ ਵਰਤੋਂ ਕਰਕੇ ਬਚਾਇਆ ਸੀ, ਉਸ ਘਟਨਾ ਤੋਂ ਬਾਅਦ ਅਰੁਣ ਰਾਣਾ ਫਰਾਰ ਸੀ।

# ਅਰਜਨਟੀਨਾ ਤੀਸਰੀ ਵਾਰ ਬਣਿਆ ਵਿਸ਼ਵ ਚੈਂਪੀਅਨ, ਪੈਨਲਟੀ ਸ਼ੂਟਆਊਟ ਵਿੱਚ ਫਰਾਂਸ ਨੂੰ 4-2 ਨਾਲ ਹਰਾਇਆ





ਦੋਹਾ, 18 ਦਸੰਬਰ (ਪੋਸਟ ਬਿਊਰੋ)- ਦੋਹਾ ਦੇ ਲੁਸੈਲ ਸਟੇਡੀਅਮ 'ਚ ਐਤਵਾਰ ਨੂੰ ਅਰਜਨਟੀਨਾ ਅਤੇ ਫਰਾਂਸ ਵਿਚਾਲੇ ਖੇਡੇ ਗਏ ਫੁੱਟਬਾਲ ਵਿਸ਼ਵ ਕੱਪ 2022 ਦੇ ਰੋਮਾਂਚਕ ਫਾਈਨਲ ਮੁਕਾਬਲੇ 'ਚ ਪਿਛਲੀ ਦੋ ਵਾਰ ਦੀ ਚੈਂਪੀਅਨ ਅਰਜਨਟੀਨਾ ਨੇ ਫਰਾਂਸ ਨੂੰ ਬਹੁਤ ਹੀ ਰੋਮਾਂਚਕ ਅਤੇ ਪੈਨਲਟੀ ਸ਼ੂਟਆਊਟ 'ਚ 4-2 ਨਾਲ ਹਰਾ ਕੇ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਇਸ ਤੋਂ ਪਹਿਲਾਂ ਅਰਜਨਟੀਨਾ ਦੀ ਟੀਮ ਸਾਲ 1978 ਅਤੇ ਸਾਲ 1986 ਵਿੱਚ ਵਿਸ਼ਵ ਚੈਂਪੀਅਨ ਬਣੀ ਸੀ। ਫਾਈਨਲ ਮੈਚ ਵਾਧੂ ਸਮੇਂ ਵਿੱਚ 3-3 ਨਾਲ ਬਰਾਬਰ ਰਿਹਾ। ਫਾਈਨਲ ਮੈਚ ਦੀ ਖਾਸ ਗੱਲ ਫਰਾਂਸੀਸੀ ਸੁਪਰਸਟਾਰ ਐਮਬਾਪੇ ਦੀ ਹੈਟ੍ਰਿਕ ਸੀ, ਜਦੋਂ ਕਿ ਲਗਭਗ ਆਪਣਾ ਆਖਰੀ ਵਿਸ਼ਵ ਕੱਪ ਖੇਡ ਚੁੱਕੇ ਲਿਓਨਲ ਮੈਸੀ ਨੇ ਵੀ ਮੈਚ ਵਿੱਚ ਦੋ ਗੋਲ ਕੀਤੇ। ਨਿਰਧਾਰਿਤ 90 ਮਿੰਟ ਤੱਕ ਮੈਚ 2-2 ਦੀ ਬਰਾਬਰੀ 'ਤੇ ਰਹਿਣ ਤੋਂ ਬਾਅਦ ਵਾਧੂ ਸਮੇਂ ਦੇ 30 ਮਿੰਟ ਦੇ ਆਖਰੀ ਪਲਾਂ 'ਚ ਫਰਾਂਸ ਦੇ ਐਮਬਾਪੇ ਨੇ ਪੈਨਲਟੀ ਨੂੰ ਗੋਲ 'ਚ ਬਦਲ ਕੇ ਮੈਚ ਨੂੰ ਫਿਰ ਤੋਂ 3-3 ਨਾਲ ਬਰਾਬਰ ਕਰ ਦਿੱਤਾ। ਇਹ ਉਸਦਾ ਹੈਟ੍ਰਿਕ ਗੋਲ ਸੀ। ਇਸ ਤੋਂ ਬਾਅਦ ਮੈਚ ਪੈਨਲਟੀ ਸ਼ੂਟਆਊਟ ਤੱਕ ਪਹੁੰਚ ਗਿਆ, ਜਿਸ ਵਿੱਚ ਅਰਜਨਟੀਨਾ 4-2 ਨਾਲ ਜਿੱਤ ਕੇ ਤੀਜੀ ਵਾਰ ਵਿਸ਼ਵ ਚੈਂਪੀਅਨ ਬਣਿਆ।


# ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਅਤੇ ਉਨ੍ਹਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਅਤੇ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਹੋਵੇਗੀ।

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

ਸ੍ਰੀ ਅਖੰਡ ਪਾਠ ਸਾਹਿਬ ਆਰੰਭ 23 ਦਸੰਬਰ ਦਿਨ ਸ਼ੁੱਕਰਵਾਰ
ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 25 ਦਸੰਬਰ ਦਿਨ ਐਤਵਾਰ

ਮਾਲਟਨ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਮੇਨ ਹਾਲ ਵਿੱਚ ਪਾਏ ਜਾਣਗੇ। ਸਭ ਸੰਗਤ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਵਿਚ ਹੁੰਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ!

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ ਰਜ਼ੂਲ 647-856-9612 ਜਾਂ ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
GUARANTEED
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
HOUSE FOR LEASE IN CALEDON
KENNEDY/ NEW HOUSE/ DOUGALL AVE.
* 2500-3000 sq feet ਦਾ Detached ਘਰ
* $3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
* ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
* 2nd ਫਲੋਰ ਤੇ 9 ਫੁੱਟ ਦੀ ਸੀਲੀਂਗ
* ਪੂਰਾ ਘਰ $4700/month with unfurnished ਬੇਸਮੇਂਟ
* HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
* 1ਸਾਲ ਦੀ Lease, Credit Report, Full Rental App.
* First & Last month + Key Deposit
LISTED IN BRAMPTON
MAYFIELD / MCLAUGHLIN
* Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
* 3+1 ਬੈੱਡਰੂਮ + 4 ਵਾਸ਼ਰੂਮ
* 1 ਬੈੱਡਰੂਮ Legal Finished Basement with Seperate Entrance
* 9 ਫੁੱਟ ਦੀ ਸੀਲੀਂਗ
* ਸਟੈਂਡਰਡ ਓਕ ਸਟੈਅਰ ਕੇਸ
* ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
* ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
* HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
LISTED IN BRAMPTON
CASTLEMORE/ HUMBERWEST/AIRPORT
* 1500-2000 sq feet ਦਾ ਘਰ
* 3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
* ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
* Extended ਡਰਾਈਵਵੇਅ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
FREE
✓ Full MLS Services
✓ Consistently Marketing Your Property Until SOLD
✓ Competitive Rates, Exceptional Service & Award Winning Results
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


Tri-City Professional Realty Inc., Brokerage
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
SOLD
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866
SOLD
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੇਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017